Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 115 | Monday, June 13, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਫਾਈਜ਼ਰ ਦੀ ਕੋਵਿਡ-19 ਵੈਕਸੀਨ ਨੂੰ ਮਿਲ ਸਕਦੀ ਹੈ ਹਰੀ ਝੰਡੀ



ਵਾਸ਼ਿੰਗਟਨ, 12 ਜੂਨ (ਪੋਸਟ ਬਿਊਰੋ) : ਫੈਡਰਲ ਅਧਿਕਾਰੀਆਂ ਨੇ ਐਤਵਾਰ ਨੂੰ ਆਖਿਆ ਕਿ ਫਾਈਜ਼ਰ ਦੀ ਕੋਵਿਡ-19 ਵੈਕਸੀਨ 5 ਸਾਲ ਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੇਫ ਤੇ ਅਸਰਦਾਰ ਹੈ। ਨਿੱਕੀ ਉਮਰ ਦੇ ਅਮੈਰੀਕਨ ਬੱਚਿਆਂ ਦੀ ਵੈਕਸੀਨੇਸ਼ਨ ਸ਼ੁਰੂ ਕੀਤੇ ਜਾਣ ਲਈ ਇਸ ਫੈਸਲੇ ਦੀ ਲੰਮੇਂ ਸਮੇਂ ਤੋਂ ਉਡੀਕ ਕੀਤੀ ਜਾ ਰਹੀ ਸੀ।

ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਨੇ ਬੁੱਧਵਾਰ ਨੂੰ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ ਫਾਈਜ਼ਰ ਦੇ ਸ਼ੌਟਸ ਬਾਰੇ ਇਹ ਵਿਸ਼ਲੇਸ਼ਣ ਪੋਸਟ ਕੀਤਾ। ਬੁੱਧਵਾਰ ਨੂੰ ਹੋਣ ਵਾਲੀ ਮੀਟਿੰਗ ਵਿੱਚ ਬਾਹਰਲੇ ਮਾਹਿਰ ਇਸ ਗੱਲ ਉੱਤੇ ਵੋਟ ਕਰਨਗੇ ਕਿ ਕੀ ਇਹ ਸ਼ੌਟਸ ਦੇਸ਼ ਦੇ 18 ਮਿਲੀਅਨ ਬੱਚਿਆਂ, ਬਿਲਕੁਲ ਨਿੱਕੇ ਬੱਚਿਆਂ ਤੇ ਪ੍ਰੀਸਕੂਲਰਜ਼ ਨੂੰ ਦੇਣ ਲਈ ਤਿਆਰ ਹਨ। ਅਮਰੀਕਾ ਵਿੱਚ ਹੁਣ ਤੱਕ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਕੋਵਿਡ-19 ਵੈਕਸੀਨੇਸ਼ਨ ਨਹੀਂ ਸੀ ਹੋਈ।

ਪਿਛਲੇ ਹਫਤੇ ਐਫਡੀਏ ਨੇ 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਮੌਡਰਨਾ ਦੀ ਵੈਕਸੀਨ ਦਾ ਇਹੋ ਜਿਹਾ ਵਿਸ਼ਲੇਸ਼ਣ ਪੇਸ਼ ਕੀਤਾ ਸੀ। ਜੇ ਰੈਗੂਲੇਟਰਜ਼ ਇੱਕ ਜਾਂ ਦੋਵਾਂ ਕੰਪਨੀਆਂ ਦੇ ਸ਼ੌਟਸ ਨੂੰ ਹਰੀ ਝੰਡੀ ਦੇ ਦਿੰਦੀ ਹੈ ਤਾਂ ਵੈਕਸੀਨੇਸ਼ਨ ਜਲਦ ਤੋਂ ਜਲਦ ਅਗਲੇ ਹਫਤੇ ਤੋਂ ਸ਼ੁਰੂ ਹੋ ਜਾਵੇਗੀ। ਡਰੱਗ ਨਿਰਮਾਤਾ ਕੰਪਨੀਆਂ ਸਰਕਾਰ ਵੱਲੋਂ ਕੀਤੇ ਗਏ ਆਰਡਰ ਮੁਤਾਬਕ ਤੇਜ਼ੀ ਨਾਲ ਵੈਕਸੀਨ ਭੇਜਣ ਲਈ ਤਿਆਰ ਹਨ।

## ਟਰੰਪ ਖਿਲਾਫ ਮੁਜਰਮਾਨਾ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਲਈ ਜੁਟ ਚੁੱਕੇ ਹਨ ਕਾਫੀ ਸਬੂਤ !



ਵਾਸ਼ਿੰਗਟਨ, 12 ਜੂਨ (ਪੋਸਟ ਬਿਊਰੋ) : ਕੈਪੀਟਲ ਰਾਇਟਸ ਦੀ ਜਾਂਚ ਕਰ ਰਹੀ ਹਾਊਸ ਕਮੇਟੀ ਦੇ ਮੈਂਬਰਾਂ ਨੇ ਐਤਵਾਰ ਨੂੰ ਆਖਿਆ ਕਿ ਜਸਟਿਸ ਡਿਪਾਰਟਮੈਂਟ ਲਈ ਉਨ੍ਹਾਂ ਕੋਲ ਕਾਫੀ ਸਬੂਤ ਇੱਕਠਾ ਹੋ ਗਏ ਹਨ ਜਿਹੜੇ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ 2020 ਵਿੱਚ ਹੋਈਆਂ ਚੋਣਾਂ ਦੇ ਨਤੀਜਿਆਂ ਨੂੰ ਪਲਟਾਉਣ ਲਈ ਸਾਬਕਾ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਖਿਲਾਫ ਮੁਜਰਮਾਨਾ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾ ਸਕਦੀ ਹੈ।

ਕਮੇਟੀ ਨੇ ਐਲਾਨ ਕੀਤਾ ਕਿ ਟਰੰਪ ਦਾ ਕੈਂਪੇਨ ਮੈਨੇਜਰ ਬਿੱਲ ਸਟੈਪੀਅਨ ਵੀ ਉਨ੍ਹਾਂ ਚਸ਼ਮਦੀਦਾਂ ਵਿੱਚ ਸ਼ਾਮਲ ਹੋਵੇਗਾ ਜਿਹੜੇ ਸੋਮਵਾਰ ਨੂੰ ਸੁਣਵਾਈ ਦਰਾਨ ਗਵਾਹੀ ਦੇਣਗੇ। ਇਹ ਸੁਣਵਾਈ ਚੋਣਾਂ ਵਿੱਚ ਗੜਬੜੀ ਹੋਣ ਸਬੰਧੀ ਟਰੰਪ ਵੱਲੋਂ ਫੈਲਾਈਆਂ ਗਈਆਂ ਅਫਵਾਹਾਂ ਉੱਤੇ ਕੇਂਦਰਿਤ ਹੋਵੇਗੀ।

ਕਮੇਟੀ ਵੱਲੋਂ ਪਿਛਲੇ ਹਫਤੇ ਆਪਣੀ ਜਨਤਕ ਸੁਣਵਾਈ ਸ਼ੁਰੂ ਕੀਤੀ ਗਈ ਸੀ। ਇਸ ਵਿੱਚ ਇਸ ਮਾਮਲੇ ਸਬੰਧੀ ਕਾਰਵਾਈ ਚੱਲ ਰਹੀ ਹੈ ਕਿ ਕਿਸ ਤਰ੍ਹਾਂ ਹਾਰੇ ਹੋਏ ਟਰੰਪ ਵੱਲੋਂ ਚੋਣਾਂ ਦੇ ਨਤੀਜਿਆਂ ਨੂੰ ਗਲਤ ਦੱਸਦਿਆਂ ਹੋਇਆਂ ਝੂਠੀਆਂ ਅਫਵਾਹਾਂ ਫੈਲਾਈਆਂ ਗਈਆਂ ਜਦਕਿ ਬਹੁਤ ਸਾਰੇ ਮਾਹਿਰਾਂ ਵੱਲੋਂ ਉਲਟ ਨਤੀਜਿਆਂ ਦੀ ਪੁਸ਼ਟੀ ਕੀਤੀ ਗਈ। ਇਸ ਦੌਰਾਨ ਇਹ ਸੁਣਵਾਈ ਵੀ ਚੱਲ ਰਹੀ ਹੈ ਕਿ ਕਿਸ ਤਰ੍ਹਾਂ ਟਰੰਪ ਵੱਲੋਂ ਲੋਕਾਂ ਨੂੰ ਭੜਕਾ ਕੇ ਜੋਅ ਬਾਇਡਨ ਦੀ ਜਿੱਤ ਨੂੰ ਹਾਰ ਵਿੱਚ ਬਦਲਣ ਦੀ ਨਾਕਾਮ ਕੋਸ਼ਿਸ਼ ਕੀਤੀ ਗਈ।

## ਚਾਰੈਸਟ ਨੇ ਪੌਲੀਏਵਰ ਉੱਤੇ ਮੈਂਬਰਾਂ ਦੀ ਗਿਣਤੀ ਵਧਾ ਚੜ੍ਹਾ ਕੇ ਦੱਸਣ ਦੇ ਲਾਏ ਦੋਸ਼



ਓਟਵਾ, 12 ਜੂਨ (ਪੋਸਟ ਬਿਊਰੋ) : ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ ਦੇ ਮੁੱਖ ਦਾਅਵੇਦਾਰ ਜੀਨ ਚਾਰੈਸਟ ਵੱਲੋਂ ਆਪਣੇ ਮੁੱਖ ਵਿਰੋਧੀ ਪਿਏਰ ਪੌਲੀਏਵਰ ਖਿਲਾਫ ਦੋਸ਼ ਲਾਏ ਗਏ ਹਨ ਕਿ ਉਨ੍ਹਾਂ ਵੱਲੋਂ ਆਪਣੀ ਮੈਂਬਰਸ਼ਿਪ ਦੀ ਗਿਣਤੀ ਵਧਾ ਚੜ੍ਹਾ ਕੇ ਦੱਸੀ ਜਾ ਰਹੀ ਹੈ।

ਕਿਊਬਿਕ ਦੇ ਸਾਬਕਾ ਪ੍ਰੀਮੀਅਰ ਦਾ ਕਹਿਣਾ ਹੈ ਕਿ ਪੌਲੀਏਵਰ ਦੀ ਕੈਂਪੇਨ ਵੱਲੋਂ 311,958 ਸਮਰਥਕਾਂ ਨੂੰ ਸਾਈਨ ਕਰਨ ਦਾ ਕੀਤਾ ਜਾ ਰਿਹਾ ਦਾਅਵਾ ਖੋਖਲਾ ਹੈ। ਉਨ੍ਹਾਂ ਆਖਿਆ ਕਿ ਪੌਲੀਏਵਰ ਵੱਲੋਂ ਸਾਈਨ ਕੀਤੇ ਗਏ ਮੈਂਬਰਾਂ ਦੀ ਗਿਣਤੀ ਵਧਾ ਚੜ੍ਹਾ ਕੇ ਦੱਸੀ ਜਾ ਰਹੀ ਹੈ ਤੇ ਕੋਈ ਇਸ ਵਿੱਚ ਯਕੀਨ ਨਹੀਂ ਕਰਦਾ। ਚਾਰੈਸਟ ਵੱਲੋਂ ਇਹ ਜਾਣਕਾਰੀ ਨਹੀਂ ਦਿੱਤੀ ਗਈ ਕਿ ਉਨ੍ਹਾਂ ਵੱਲੋਂ ਕਿੰਨੇ ਮੈਂਬਰਾਂ ਨੂੰ ਸਾਈਨ ਕੀਤਾ ਗਿਆ ਹੈ।

ਇਸ ਦੌੜ ਵਿੱਚ ਸ਼ਾਮਲ ਪੈਟ੍ਰਿਕ ਬ੍ਰਾਊਨ ਹੀ ਅਜਿਹੇ ਦੂਜੇ ਉਮੀਦਵਾਰ ਹਨ ਜਿਨ੍ਹਾਂ ਵੱਲੋਂ ਆਪਣੇ ਮੈਂਬਰਾਂ ਦੀ ਗਿਣਤੀ, ਜੋ ਕਿ 150,000 ਬਣਦੀ ਹੈ, ਜਾਰੀ ਕੀਤੀ ਗਈ ਹੈ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. | 1332 Khalsa Dr, Unit # 11, Mississauga, ON L5S 0A2

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX | 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
(Government Approved Licensed Technician)
416 938 4598

## ਅਗਲੇ ਸਾਲ ਦੇ ਅੰਤ ਤੱਕ ਕੈਨੇਡਾ ਵਿੱਚ 15 ਫੀ ਸਦੀ ਘੱਟ ਸਕਦੀਆਂ ਹਨ ਘਰਾਂ ਦੀਆਂ ਕੀਮਤਾਂ



ਓਟਵਾ, 12 ਜੂਨ (ਪੋਸਟ ਬਿਊਰੋ) : ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ ਵਿੱਚ ਕੀਤੇ ਜਾ ਰਹੇ ਵਾਧੇ ਤੋਂ ਬਾਅਦ ਕੈਨੇਡਾ ਵਿੱਚ ਘਰਾਂ ਦੀਆਂ ਕੀਮਤਾਂ ਅਗਲੇ ਸਾਲ ਦੇ ਅੰਤ ਤੱਕ 15 ਫੀ ਸਦੀ ਘਟਣ ਦੀ ਸੰਭਾਵਨਾ ਹੈ। ਇਹ ਖੁਲਾਸਾ ਇੱਕ ਨਵੀਂ ਰਿਪੋਰਟ ਵਿੱਚ ਹੋਇਆ।

ਕੈਨੇਡਾ ਵਿੱਚ ਘਰਾਂ ਦੀ ਔਸਤ ਕੀਮਤ ਫਰਵਰੀ 2022 ਵਿੱਚ 790,000 ਡਾਲਰ ਤੱਕ ਅੱਪੜ ਗਈ ਸੀ। ਦੋ ਸਾਲਾਂ ਵਿੱਚ ਘਰਾਂ ਦੀਆਂ ਕੀਮਤਾਂ ਵਿੱਚ 50 ਫੀ ਸਦੀ ਵਾਧਾ ਦਰਜ ਕੀਤਾ ਗਿਆ। ਪਰ ਡੈਸਜਾਰਡਿਨਜ਼ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਰਿਪੋਰਟ ਵਿੱਚ ਆਖਿਆ ਗਿਆ ਕਿ ਦਸੰਬਰ 2023 ਤੱਕ ਘਰਾਂ ਦੀ ਔਸਤ ਕੀਮਤ ਡਿੱਗ ਕੇ 675,000 ਡਾਲਰ ਰਹਿ ਜਾਵੇਗੀ। ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਬੈਂਕ ਆਫ ਕੈਨੇਡਾ ਵੱਲੋਂ ਵਿਆਜ਼ ਦਰਾਂ ਵਿੱਚ ਕੀਤੇ ਗਏ ਵਾਧੇ ਤੋਂ ਬਾਅਦ ਘਰਾਂ ਦੀਆਂ ਕੀਮਤਾਂ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਡੇਸਜਾਰਡਿਨਜ਼ ਨੇ ਦੱਸਿਆ ਕਿ ਮਹੀਨਾ ਦਰ ਮਹੀਨਾ ਦੇ ਹਿਸਾਬ ਨਾਲ ਮਾਰਚ ਵਿੱਚ ਕੈਨੇਡਾ ਵਿੱਚ ਘਰਾਂ ਦੀ ਕੀਮਤ 2.6 ਫੀ ਸਦੀ ਘਟੀ ਤੇ ਅਪਰੈਲ ਵਿੱਚ ਇਸ ਵਿੱਚ 3.8 ਫੀ ਸਦੀ ਗਿਰਾਵਟ ਦਰਜ ਕੀਤੀ ਗਈ।

ਪਰ ਇਸ ਗਿਰਾਵਟ ਦੇ ਬਾਵਜੂਦ ਡੈਸਜਾਰਡਿਨਜ਼ ਨੇ ਪਾਇਆ ਕਿ 675,000 ਡਾਲਰ ਅਜੇ ਵੀ ਦਸੰਬਰ 2019 ਦੇ ਮੁਕਾਬਲੇ 30 ਫੀ ਸਦੀ ਵੱਧ ਹੈ। ਉਸ ਸਮੇਂ ਕੈਨੇਡਾ ਵਿੱਚ ਘਰਾਂ ਦੀ ਔਸਤ ਕੀਮਤ 530,000 ਡਾਲਰ ਸੀ। ਡੈਸਜਾਰਡਿਨਜ਼ ਦੇ ਚੀਫ ਇਕਨੌਮਿਸਟ ਤੇ ਸਟ੍ਰੈਟੇਜਿਸਟ ਜਿੰਮੀ ਜੀਨ ਨੇ ਆਖਿਆ ਕਿ ਉਨ੍ਹਾਂ ਮੁਤਾਬਕ ਸਥਿਰ ਹੋਣ ਤੋਂ ਪਹਿਲਾਂ ਘਰਾਂ ਦੀਆਂ ਕੀਮਤਾਂ ਵਿੱਚ ਗਿਰਾਵਟ ਆਵੇਗੀ।

## ਰਸੂਖ ਤੇ ਰਿਸ਼ਵਤ ਨਾਲ ਨੌਕਰੀਆਂ: ਭਗਵੰਤ ਮਾਨ ਦੇ ਐਲਾਨ ਮਗਰੋਂ ਪੰਜਾਬ ਵਿੱਚ ਅਫਸਰਾਂ ਨੇ ਜਾਂਚ ਲਈ ਤਿਆਰੀਆਂ ਆਰੰਭੀਆਂ

ਚੰਡੀਗੜ੍ਹ, 12 ਜੂਨ, (ਪੋਸਟ ਬਿਊਰੋ)- ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੇ ਵਿੱਚ ਰਸੂਖ ਅਤੇ ਰਿਸ਼ਵਤ ਦੇ ਜ਼ੋਰ ਉੱਤੇ ਜਾਅਲੀ ਡਿਗਰੀਆਂ ਨਾਲ ਨੌਕਰੀਆਂ ਲੈਣ ਵਾਲੇ ਲੋਕਾਂ ਦੇ ਸਾਹ ਸੂਤੇ ਗਏ ਹਨ।

ਵਰਨਣ ਯੋਗ ਹੈ ਕਿ ਇਸ ਬਾਰੇ ਰਿਪੋਰਟਾਂ ਮਿਲਣ ਪਿੱਛੋਂ ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਸੀ ਕਿ ਜਾਅਲੀ ਦਸਤਾਵੇਜ਼ਾਂ ਨਾਲ ਸਰਕਾਰੀ ਨੌਕਰੀਆਂ ਕਰਨ ਵਾਲਿਆਂਵਿੱਚਪੰਜਾਬ ਦੇ ਸਿਆਸੀ ਆਗੂਆਂ ਅਤੇ ਪ੍ਰਭਾਵਸ਼ਾਲੀ ਲੋਕਾਂ ਦੇ ਰਿਸ਼ਤੇਦਾਰ ਸ਼ਾਮਲ ਹਨ, ਜਿਨ੍ਹਾਂ ਖ਼ਿਲਾਫ਼ ਛੇਤੀ ਹੀ ਕਾਰਵਾਈ ਕੀਤੀ ਜਾਵੇਗੀ। ਇਸ ਪਿੱਛੋਂਪੰਜਾਬ ਸਰਕਾਰ ਕੋਲਪਹੁੰਚੀਆਂਏਦਾਂ ਦੀਆਂ ਕਈ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਆਪਣੇ ਰਸੂਖਅਤੇ ਰਿਸ਼ਵਤ ਰਾਹੀਂ ਜਾਅਲੀ ਡਿਗਰੀਆਂ ਨਾਲ ਕਈ ਲੋਕ ਨੌਕਰੀਆਂ ਲੈ ਜਾਂਦੇ ਰਹੇ ਅਤੇ ਹੱਕਦਾਰ ਲੋਕਾਂ ਨੂੰ ਵਾਂਝੇ ਰਹਿਣਾ ਪੈਂਦਾ ਰਿਹਾ ਹੈ। ਇਸ ਲਈ ਪੰਜਾਬ ਸਰਕਾਰ ਨੇ ਅਜਿਹੀਆਂ ਸਭ ਭਰਤੀਆਂ ਦੀ ਜਾਂਚ ਕਰਾਉਣ ਦਾ ਫੈਸਲਾ ਕੀਤਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਨੂੰ ਟਵੀਟ ਕਰ ਕੇ ਕਿਹਾ ਸੀ ਕਿ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਨਾਲ ਸਰਕਾਰੀ ਨੌਕਰੀਆਂ ਲੈਣ ਵਾਲਿਆਂਵਿੱਚ ਰਾਜ ਦੇ ਪ੍ਰਭਾਵਸ਼ਾਲੀ ਲੋਕ ਅਤੇ ਸਿਆਸਤਦਾਨਾਂ ਦੇ ਰਿਸ਼ਤੇਦਾਰ ਸ਼ਾਮਲ ਹਨ, ਜਿਨ੍ਹਾਂ ਖ਼ਿਲਾਫ਼ ਜਲਦੀ ਕਾਰਵਾਈ ਕੀਤੀ ਜਾਵੇਗੀ।ਉਨ੍ਹਾ ਨੇ ਟਵੀਟ ਵਿੱਚ ਕਿਹਾ ਸੀ, 'ਸਾਨੂੰ ਇਹ ਪਤਾ ਲੱਗਾ ਹੈ ਕਿ ਰਸੂਖ਼ਦਾਰ ਅਤੇ ਸਿਆਸੀ ਲੋਕਾਂ ਦੇ ਰਿਸ਼ਤੇਦਾਰ ਜਾਅਲੀ ਡਿਗਰੀਆਂ ਨਾਲ ਸਰਕਾਰੀ ਨੌਕਰੀਆਂ ਕਰ ਰਹੇ ਹਨ। ਜਲਦੀ ਹੀ ਪੰਜਾਬ ਦੇ ਲੋਕਾਂ ਦੇ ਟੈਕਸ ਦੇ ਇੱਕ-ਇੱਕ ਪੈਸੇ ਦਾ ਹਿਸਾਬ ਲੋਕਾਂ ਸਾਹਮਣੇ ਰੱਖਿਆ ਜਾਵੇਗਾ।'



ਮਿਲੀ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਦੇ ਐਲਾਨ ਪਿੱਛੋਂ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਇਸ ਸਬੰਧੀ ਜਾਂਚ ਸ਼ੁਰੂ ਕਰਨ ਦੀ ਤਿਆਰੀ ਆਰੰਭ ਦਿੱਤੀ ਹੈ। ਅਫਸਰਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਕੋਲ ਪੌਣੇ ਤਿੰਨ ਮਹੀਨੇ ਦੇ ਰਾਜ ਦੌਰਾਨ ਹੀ ਕਈ ਇਹੋ ਜਿਹੇ ਕੇਸ ਆਏ ਹਨ। ਇਨ੍ਹਾਂ ਵਿੱਚਪੰਜਾਬ ਦੇ ਖਜ਼ਾਨਾ ਤੇ ਕੋਆਪਰੇਟਿਵ ਵਿਭਾਗਾਂ ਵਿੱਚ ਜਾਅਲੀ ਡਿਗਰੀਆਂ ਦੇ ਆਧਾਰ ਉੱਤੇ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਨੌਕਰੀਆਂ ਦਿੱਤੀਆਂ ਹੋਣ ਦੀ ਜਾਣਕਾਰੀ ਮਿਲੀ ਹੈ।

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਮਿੱਤਰ: 647-784-1213


OURR
HOME & APPLIANCES
Deal Price
PRICE $6899 +TAX
Deal
OF THE WEEK
KitchenAid
moffat
MAYTAG
LG
SAMSUNG
Electrolux
JENNAIR
BOSCH
Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877
(416) 551 3343


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
chatr™
AUTHORIZED DEALER
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ >>

ਜਿਹੜੇ ਹਾਰ ਵਿਧਾਇਕ ਗਏ ਚੋਣ ਅੰਦਰ,
ਛੱਡਦੇ ਮਹਿਲਾਂ ਦਾ ਅਜੇ ਨਹੀਂ ਮੋਹ ਬੇਲੀ।
ਆਖਿਆ ਸਰਕਾਰ ਨੇ ਕਰੋ ਫਲੈਟ ਵਿਹਲਾ,
ਹੁੰਗਾਰਾ ਦੇਣ ਲਈ ਬੋਲੇ ਨਹੀਂ ਉਹ ਬੇਲੀ।
ਧਰਨੇ ਲਾਉਣ ਨੂੰ ਜਾਂਦੇ ਨੇ ਪਹੁੰਚ ਬੇਸ਼ੱਕ,
ਮਿਲਦੀ ਓਦਾਂ ਨਹੀਂ ਉਨ੍ਹਾਂ ਦੀ ਟੋਹ ਬੇਲੀ।
ਸਮਝ ਕੇ ਨਿੱਜੀ ਜਗੀਰ ਉਹ ਟਿਕੇ ਜਾਪਣ,
ਸਮਝਦੇ ਇਹੋ ਕੋਈ ਸਕੂ ਨਹੀਂਖੋਹ ਬੇਲੀ।
ਸਰਕਾਰ ਲੱਗੀ ਊ ਦਰਜ ਕਰਾਉਣ ਪਰਚੇ,
ਜੁਰਮਾਨਾ ਤਕੜਾ ਵੀ ਪਾਊਗੀ ਨਾਲ ਬੇਲੀ।
ਨਾਲੇ ਹੋਣੀ ਹੈ ਸੁਣਿਆ ਪੜਤਾਲ ਇਹ ਵੀ,
ਲੈ ਗਏ ਘਰਾਂ ਨੂੰ ਕਿੰਨਾ ਉਹ ਮਾਲ ਬੇਲੀ।

**ਤੀਸ ਮਾਰ ਖਾਂ**

# ਚੋਣਾਂ ਹਾਰਨ ਪਿੱਛੋਂ ਮਜੀਠੀਆ ਸਣੇ ਅੱਠ ਸਾਬਕਾ ਵਿਧਾਇਕ ਸਰਕਾਰੀ ਘਰ ਨਹੀਂ ਛੱਡ ਰਹੇ

*** ਆਪ ਸਰਕਾਰ ਵੱਲੋਂ ਕੇਸ ਦਰਜ ਕਰਨ ਦੇ ਹੁਕਮ**

ਚੰਡੀਗੜ੍ਹ, 12 ਜੂਨ, (ਪੋਸਟ ਬਿਊਰੋ)- ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਨਵੀਂ ਬਣੀ ਭਗਵੰਤ ਮਾਨ ਦੀ ਸਰਕਾਰ ਵੱਲੋਂ ਨੋਟਿਸ ਦੇਣ ਤੋਂ ਬਾਅਦ ਵੀ ਸਰਕਾਰੀ ਘਰ ਨਾ ਛੱਡ ਰਹੇ ਪੰਜਾਬ ਦੇ ਅੱਠ ਸਾਬਕਾ ਵਿਧਾਇਕਾਂ ਖਿਲਾਫ ਕੇਸ ਦਰਜ ਕਰਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ, ਪਰ ਸਪੀਕਰ ਨੇ ਥੋੜ੍ਹੀ ਨਰਮੀ ਨਾਲ ਇਨ੍ਹਾਂ ਸਾਬਕਾ ਵਿਧਾਇਕਾਂ ਨੂੰ ਇੱਕ ਹੋਰ ਨੋਟਿਸ ਭੇਜਣ ਲਈ ਕਿਹਾ ਹੈ, ਜਿਸ ਨਾਲ ਉਨ੍ਹਾਂ ਨੂੰ ਸਰਕਾਰੀ ਰਿਹਾਇਸ਼ ਛੱਡਣ ਲਈ 15 ਦਿਨ ਹੋਰ ਸਮਾਂ ਮਿਲੇਗਾ। ਜੇ ਉਨ੍ਹਾਂ ਨੇ ਇਨ੍ਹਾਂ 15 ਦਿਨਾਂ ਵਿੱਚਵੀ ਸਰਕਾਰੀ ਘਰ ਨਾ ਛੱਡੇ ਤਾਂ ਉਨ੍ਹਾਂਖਿਲਾਫ ਕਾਰਵਾਈ ਹੋਗੀ। ਸਾਬਕਾ ਵਿਧਾਇਕਾਂ ਦੇ ਵਿਹਾਰਤੋਂਨਾਰਾਜ਼ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਇਸ ਨੂੰ ਸਰਕਾਰੀ ਘਰ ਉੱਤੇ ਨਾਜਾਇਜ਼ ਕਬਜ਼ਾ ਕਿਹਾ ਹੈ।

ਵਰਨਣ ਯੋਗ ਹੈ ਕਿ ਨਵੀਂ ਸਰਕਾਰ ਬਣ ਜਾਣਪਿੱਛੋਂਪਿਛਲੇ ਹਾਰੇ ਹੋਏ ਵਿਧਾਇਕਾਂਨੇ ਪੰਜਾਬ ਸਰਕਾਰ ਵੱਲੋਂ ਚੰਡੀਗੜ੍ਹ ਵਿੱਚ ਸਸਤੇ ਰੇਟ ਉੱਤੇਮਿਲੇ ਸਰਕਾਰੀ ਫਲੈਟ ਵਾਪਸ ਕਰਨੇ ਸਨ। ਇਸ ਲਈ ਸਪੀਕਰ ਨੇ ਫਲੈਟ ਨਾ ਛੱਡਣ ਵਾਲੇ ਵਿਧਾਇਕਾਂ ਨੂੰ ਨੋਟਿਸ ਵੀ ਭੇਜੇ ਸਨ। ਆਖਰੀ ਨੋਟਿਸ 10 ਮਾਰਚ ਨੂੰ ਭੇਜਿਆ ਸੀ, ਜਿਸ ਵਿੱਚਸਾਬਕਾ ਵਿਧਾਇਕਾਂ ਨੂੰ ਨੋਟਿਸ ਮਿਲਣ ਦੇ 15 ਦਿਨਾਂ ਅੰਦਰ ਫਲੈਟ ਖਾਲੀ ਕਰਨ ਨੂੰ ਕਿਹਾ ਸੀ। ਸਰਕਾਰੀ ਰਿਹਾਇਸ਼ ਨਾ ਛੱਡਣ ਵਾਲੇ ਸਾਬਕਾ ਵਿਧਾਂਇਕਾਂ ਵਿੱਚਕਾਂਗਰਸ ਦੇ ਕੁਲਬੀਰ ਸਿੰਘ ਜ਼ੀਰਾ,ਗੁਰਪ੍ਰੀਤ ਸਿੰਘ ਜੀਪੀ, ਸਤਕੌਰ ਕੌਰ, ਅੰਗਦ ਸਿੰਘ, ਸੁਖਪਾਲ ਸਿੰਘ ਭੁੱਲਰ ਅਤੇ ਰਮਿੰਦਰ ਆਵਲਾ ਤੇ ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ, ਗੁਰਪ੍ਰਤਾਪ ਸਿੰਘ ਵਡਾਲਾ ਸ਼ਾਮਲ ਹਨ। ਇਨ੍ਹਾਂ ਵਿੱਚੋਂ ਬਿਕਰਮ ਸਿੰਘ ਮਜੀਠੀਆਕੋਸ਼ਿਸ਼ ਕਰ ਰਹੇ ਹਨ ਕਿ ਉਨ੍ਹਾਂ ਦਾ ਫਲੈਟ ਇਸ ਵਾਰ ਵਿਧਾਇਕ ਚੁਣੀ ਗਈ ਉਨ੍ਹਾਂ ਦੀ ਪਤਨੀ ਗਨੀਵ ਕੌਰ ਦੇ ਨਾਂਕਰ ਦਿੱਤਾ ਜਾਵੇ। ਸਪੀਕਰ ਕੁਲਤਾਰ ਸਿੰਘ ਸੰਧਵਾ ਨੇਸਾਬਕਾ ਵਿਧਾਇਕਾਂ ਨੂੰ ਆਖਰੀ ਨੋਟਿਸ ਵਿਚ ਚਿਤਾਵਨੀਦਿੱਤੀ ਹੈ ਕਿ ਜੇ ਮਿਥੇ ਸਮੇਂ ਵਿੱਚ ਫਲੈਟ ਨਾ ਛੱਡ ਤਾਂ ਕੇਸ ਦਰਜ ਹੋਣਗੇ।



## ਪੰਚਾਇਤੀ ਜ਼ਮੀਨ ਸਸਤੇ ਰੇਟ ਉੱਤੇ ਕਾਲੋਨਾਈਜ਼ਰਾਂ ਨੂੰ ਦੇਣ ਦੇ ਦੋਸ਼ ਤ੍ਰਿਪਤ ਬਾਜਵਾ ਵੱਲੋਂ ਰੱਦ

*** ਸਰਕਾਰੀ ਖ਼ਜ਼ਾਨੇ ਨੂੰ 28 ਕਰੋੜ ਦੇ ਘਾਟੇ ਬਾਰੇ ਵੀ ਸਫਾਈ ਪੇਸ਼**

ਚੰਡੀਗੜ੍ਹ, 12 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਪਿੰਡ ਭਗਤੂਪੁਰਾ ਦੀ ਪੰਚਾਇਤੀ ਜ਼ਮੀਨ ਕਾਲੋਨਾਈਜ਼ਰਾਂ ਨੂੰ ਸਸਤੇ ਭਾਅ ਵੇਚਣ ਦੇ ਦੋਸ਼ ਲੱਗਣ ਪਿੱਛੋਂ ਪੇਂਡੂ ਵਿਕਾਸ ਤੇ ਪੰਚਾਇਤਾਂ ਬਾਰੇ ਪੰਜਾਬ ਦੇ ਸਾਬਕਾ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਸਾਰੇ ਦੋਸ਼ਾਂ ਨੂੰ ਮਨਘੜਤ, ਬੇਬੁਨਿਆਦ ਅਤੇ ਸਿਆਸਤ ਤੋਂ ਪ੍ਰੇਰਿਤ ਕਰਾਰ ਦਿੱਤਾ ਅਤੇ ਸਪੱਸ਼ਟੀਕਰਨ ਪੇਸ਼ ਕੀਤਾ ਹੈ।

ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਕੁਲਦੀਪ ਸਿੰਘ ਧਾਲੀਵਾਲ ਦਾ ਇਹ ਕਹਿਣਾ ਸਰਾਸਰ ਗਲਤ ਹੈ ਕਿ ਪੰਚਾਇਤੀ ਜ਼ਮੀਨ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠਲੀ ਕਮੇਟੀ ਵੱਲੋਂ ਰੇਟ ਮਿਥਣ ਦੇ ਛੇ ਮਹੀਨੇਵਿੱਚ ਵਿਕਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਹ ਨਿਯਮ ਸਿਰਫ ਪੰਚਾਇਤੀ ਜ਼ਮੀਨ 33 ਸਾਲ ਲੀਜ਼ ਉੱਤੇ ਦੇਣ ਦਾ ਹੈ।ਤ੍ਰਿਪਤ ਰਾਜਿੰਦਰ



ਸਿੰਘ ਬਾਜਵਾ ਨੇ ਕਿਹਾ ਕਿ 28 ਕਰੋੜ ਰੁਪਏ ਘਾਟਾ ਪੈਣ ਦਾ ਦੋਸ਼ ਫੋਕਾ ਹੈ, ਕਿਉਂਕਿ ਉਹ ਜ਼ਮੀਨ ਰੇਟ ਦੇ ਹਿਸਾਬ ਨਾਲ ਇਸ ਲਈ ਨਹੀਂ ਵਿਕ ਸਕਦੀ ਕਿ ਉਹ ਰਸਤਿਆਂ ਅਤੇ ਖਾਲਾਂ ਦੀ ਜ਼ਮੀਨ ਹੈ, ਜੋ ਇੱਕ ਨਿੱਜੀ ਰਿਹਾਇਸ਼ੀ ਪ੍ਰਾਜੈਕਟ ਦੇ ਵਿਚਾਲੇ ਆਈ ਹੈ ਤੇ ਇਸ ਦਾ ਕੋਈ ਹੋਰ ਖ਼ਰੀਦਦਾਰ ਨਹੀਂ। ਉਨ੍ਹਾਂ ਕਿਹਾ ਕਿ ਆਪਣੀ ਸਰਕਾਰ ਦੇ ਆਖਰੀ ਦਿਨ ਫ਼ਾਈਲ ਨੂੰ ਪ੍ਰਵਾਨਗੀ ਦੇ ਕੇ ਉਨ੍ਹਾਂ ਕੋਈ ਗੁਨਾਹ ਨਹੀਂ ਕੀਤਾ, ਸਗੋਂ ਏਦਾਂ ਕਰਕੇ ਵਿਭਾਗੀ ਅਫਸਰਾਂ ਵੱਲੋਂ ਕੀਤੀ ਸਿਫ਼ਾਰਸ਼ ਉੱਤੇ ਸਹੀ ਪਾਈ ਹੈ। ਉਨ੍ਹਾਂ ਕਿਹਾ ਕਿ ਜਲੰਧਰ ਦੇ ਡਿਪਟੀ ਡਾਇਰੈਕਟਰ ਨੇ ਖ਼ੁਦ ਇਸ ਜ਼ਮੀਨ ਦਾ ਦੌਰਾ ਕਰਕੇ ਫ਼ਾਈਲ ਉਤੇ ਇਹ ਸਿਫ਼ਾਰਸ਼ ਕੀਤੀ ਸੀ ਕਿ ਇਹ ਜ਼ਮੀਨ ਵੇਚਣਾ ਪੰਚਾਇਤ ਦੇ ਹੱਥਵਿੱਚ ਹੈ।

ਵਰਨਣ ਯੋਗ ਹੈ ਕਿ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸਾਬਕਾ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਉੱਤੇ ਪਿੰਡ ਭਗਤੂਪੁਰਾ ਦੀ ਪੰਚਾਇਤੀ ਜ਼ਮੀਨ, ਜਿਸ ਵਿੱਚ ਰਸਤੇ ਅਤੇ ਖਾਲ ਸਨ, ਕਾਂਗਰਸ ਦੀ ਪਿਛਲੀ ਸਰਕਾਰ ਵੇਲੇ ਅਲਫਾ ਇੰਟਰਨੈਸ਼ਨਲ ਸਿਟੀ ਕਲੋਨੀ ਕੰਪਨੀ ਨੂੰ ਸਸਤੇ ਭਾਅ ਵੇਚਣ ਦਾ ਦੋਸ਼ ਲਾਇਆ ਤੇ ਕਿਹਾ ਸੀ ਕਿ ਬਾਜਵਾ ਦੀ ਇਸ ਕਾਰਵਾਈ ਨਾਲ ਸਰਕਾਰੀ ਖ਼ਜ਼ਾਨੇ ਨੂੰ 28 ਕਰੋੜ ਰੁਪਏ ਦਾ ਚੂਨਾ ਲੱਗਾ ਹੈ।

## ਬਿਆਸ ਅਸਲਾ ਡਿਪੂ ਦੇ 1000 ਮੀਟਰ ਘੇਰੇ ਦੀ ਨਿਸ਼ਾਨਦੇਹੀ ਨਹੀਂ ਹੋ ਸਕੀ

*** ਹਾਈ ਕੋਰਟ ਨੇ ਦਿੱਤੇ ਸਨ ਕਾਰਵਾਈ ਦੇ ਆਦੇਸ਼ * ਡੇਰਾ ਰਾਧਾ ਸਵਾਮੀ ਦੀ ਸੰਗਤ ਵੱਲੋਂ ਵਿਰੋਧ**

ਬਿਆਸ, 12 ਜੂਨ, (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਗੋਲਾ ਬਾਰੂਦ ਡਿਪੂ ਬਿਆਸ ਦੇ ਨਾਲ ਡੇਰਾ ਰਾਧਾ ਸਵਾਮੀ ਬਿਆਸ ਦੀ ਕੰਧ ਤੇ ਹੋਰ ਉਸਾਰੀਆਂ, ਜੋ ਇੱਕ ਹਜ਼ਾਰ ਮੀਟਰ ਦੇ ਘੇਰੇ ਅੰਦਰ ਹਨ, ਦੀ ਨਿਸ਼ਾਨਦੇਹੀ ਕਰਕੇ ਕਬਜ਼ਾ ਹਟਾਉਣ ਦੀ ਕਾਰਵਾਈ ਲਈ ਡਿਪਟੀ ਕਮਿਸ਼ਨਰ ਨੂੰ ਆਦੇਸ਼ ਦਿੱਤੇ ਸਨ, ਪਰ ਡੇਰਾ ਰਾਧਾ ਸੁਆਮੀ ਦੇ ਵੱਡੀ ਗਿਣਤੀ ਸ਼ਰਧਾਲੂਆਂ ਅਤੇ ਸਥਾਨਕ ਲੋਕਾਂ ਦੇ ਵਿਰੋਧ ਕਾਰਨ ਨਿਸ਼ਾਨਦੇਹੀ ਨਹੀਂ ਹੋ ਸਕੀ।

ਹਾਈ ਕੋਰਟ ਵਿੱਚ ਸਿਵਲ ਰਿੱਟ ਪਟੀਸ਼ਨ ਬਾਰੇ ਗੋਲਾ ਬਾਰੂਦ ਡਿਪੂ ਬਿਆਸ ਦੇ ਨਾਲ ਵਾਲੇ ਇੱਕ ਹਜ਼ਾਰ ਮੀਟਰ ਦੇ ਘੇਰੇ ਵਿੱਚ ਆਉਂਦੀ ਡੇਰਾ ਰਾਧਾ ਸੁਆਮੀ ਬਿਆਸ ਦੀ ਕੰਧ ਅਤੇ ਹੋਰ ਉਸਾਰੀਆਂ ਦੀ ਸ਼ਨਿਚਰਵਾਰ ਨੂੰ ਨਿਸ਼ਾਨਦੇਹੀ ਕਰਕੇ ਉਸ ਵਿਰੁੱਧ ਕਾਰਵਾਈ ਲਈ ਡਿਪਟੀ ਕਮਿਸ਼ਨਰ (ਡੀ ਸੀ) ਨੂੰ ਹੁਕਮ ਮਿਲੇ ਸਨ। ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ ਅੱਜ ਮਾਲ ਵਿਭਾਗ ਦੇ ਅਧਿਕਾਰੀਆਂ ਤੇ ਭਾਰੀ ਪੁਲਿਸ ਨਾਲਓਥੇ ਪੁੱਜੇ ਤਾਂ ਜਦੋਂ ਆਰਮੀ ਡਿਪੂ ਬਿਆਸ ਦੇ ਅਫ਼ਸਰਾਂ ਨਾਲ ਵਿਚਾਰ ਕਰਨ ਲਈ ਗਏ ਤਾਂ ਵੱਡੀ ਗਿਣਤੀ ਵਿੱਚ ਡੇਰਾ ਸ਼ਰਧਾਲੂਆਂ ਤੇ ਕੁਝ ਹੋਰ ਲੋਕਾਂ ਨੇ ਅਸਲਾ ਡਿਪੂ ਦੇ ਗੇਟ ਅੱਗੇ ਧਰਨਾ ਲਾ ਦਿੱਤਾ। ਇਸ ਵਿੱਚ ਵੱਡੀ ਗਿਣਤੀ ਨੇੜਲੇ ਪਿੰਡਾਂ ਦੇ ਲੋਕਾਂ ਦੀ ਸੀ। ਇਕੱਠੇ ਹੋਏ ਲੋਕਾਂ ਨੇ ਪੰਜਾਬ ਸਰਕਾਰ, ਫੌਜੀ ਅਫ਼ਸਰਾਂ ਤੇ ਪ੍ਰਸ਼ਾਸਨ ਦੇ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਇਹ ਧਰਨਾ ਲੰਮਾ ਸਮਾਂ ਚੱਲਦਾ ਰਿਹਾ।

ਡਿਪਟੀ ਕਮਿਸ਼ਨਰ ਅੰਮ੍ਰਿਤਸਰ ਡੇਰਾ ਅਧਿਕਾਰੀਆਂ ਅਤੇ ਫੌਜੀ ਅਫ਼ਸਰਾਂ ਨਾਲ ਗੱਲਬਾਤ ਕਰਕੇ ਸਬ ਤਹਿਸੀਲ ਬਿਆਸ ਵਿਖੇ ਰਿਕਾਰਡ ਦੀ ਜਾਂਚ ਦੀ ਗੱਲ ਕਹਿ ਕੇ ਚਲੇ ਗਏ।ਜਦੋਂ ਡਿਪਟੀ ਕਮਿਸ਼ਨਰ, ਮਾਲ ਅਫਸਰ ਦਵਿੰਦਰਪਾਲ ਸਿੰਘ, ਐੱਸਡੀਐਮ ਦਮਨਦੀਪ ਕੌਰ ਅਤੇ ਆਰਮੀ ਕਮਾਂਡਰ ਆਰਕੇ ਯਾਦਵ ਸਬ ਤਹਿਸੀਲ ਬਿਆਸ ਵਿੱਚ ਰਿਕਾਰਡ ਦੀ ਪੜਤਾਲ ਕਰ ਰਹੇ ਸਨ,ਓਦੋਂ ਡੇਰਾ ਰਾਧਾ ਸੁਆਮੀ ਦੇ ਚੀਫ਼ ਪ੍ਰਬੰਧ ਸੈਕਟਰੀ ਦਵਿੰਦਰ ਕੁਮਾਰ ਸੀਕਰੀ, ਐਡਵੋਕੇਟ ਅਸੀਮ ਸੈਣੀ ਮੌਜੂਦ ਸਨ।ਓਦੋਂ ਫਿਰ ਡੇਰਾ ਸ਼ਰਧਾਲੂਆਂ ਨੇ ਆ ਕੇ ਤਹਿਸੀਲ ਦਾ ਗੇਟ ਬੰਦ ਕਰਕੇ ਘਿਰਾਓ ਸ਼ੁਰੂ ਕਰ ਦਿੱਤਾ। ਉਹ ਇਸ ਡੇਰੇ ਦੀ ਕੰਧ ਤੇ ਲੋਕਾਂ ਵੱਲੋਂ ਉਸਾਰੀਆਂ ਬਿਲਡਿੰਗਾਂ ਉੱਤੇ ਕੋਈ ਕਾਰਵਾਈ ਨਾ ਕਰਨ ਦੀ ਮੰਗ ਕਰ ਰਹੇ ਸਨ।ਇਸ ਮੌਕੇ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ ਨੇ ਡੇਰਾ ਸ਼ਰਧਾਲੂਆਂ ਤੇ ਲੋਕਾਂ ਨੂੰ ਦੱਸਿਆ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅਸਲਾ ਡਿਪੂ ਬਿਆਸ ਦੇ 1000 ਮੀਟਰ ਦੇ ਘੇਰੇ ਵਿੱਚ ਮਨਾਹੀ ਵਾਲੇ ਖੇਤਰ ਵਿੱਚ ਕੰਧ ਜਾਂ ਹੋਰ ਉਸਾਰੀਆਂ ਦੀ ਨਿਸ਼ਾਨਦੇਹੀ ਦੇ ਹੁਕਮ ਕੀਤੇ ਸਨ, ਪਰ ਮਾਲ ਵਿਭਾਗ ਦੇ ਰਿਕਾਰਡ ਵਿੱਚ ਕੁਝ ਖ਼ਾਮੀਆਂ ਕਾਰਨ ਅੱਜ ਨਿਸ਼ਾਨਦੇਹੀ ਨਹੀਂ ਹੋਵੇਗੀ, ਜਿਨ੍ਹਾਂ ਲੋਕਾਂ ਦੇ ਘਰ ਮਨਾਹੀ ਵਾਲੇ ਖੇਤਰ ਵਿੱਚ ਹਨ, ਉਸ ਬਾਰੇ ਵਿਭਾਗ ਵੱਲੋਂ ਲਿਖਤੀ ਰਿਪੋਰਟ ਅਦਾਲਤ ਵਿੱਚਦੇ ਕੇ ਬਣਦਾ ਮੁਆਵਜ਼ਾ ਦਿਵਾਇਆ ਜਾਵੇਗਾ।

## ਹਥਿਆਰਬੰਦ ਲੁਟੇਰਿਆਂ ਨੇ 10 ਤੋਲੇ ਸੋਨਾ ਤੇ ਨਕਦੀ ਲੁੱਟੀ

ਸ਼ਾਹਕੋਟ, 12 ਜੂਨ (ਪੋਸਟ ਬਿਊਰੋ)- ਕੱਲ੍ਹ ਤੇ ਪਰਸੋਂ ਦੀ ਵਿਚਲੀ ਰਾਤ ਨੂੰ ਪਿੰਡ ਜਾਫਰਵਾਲ ਵਿੱਚ ਤਿੰਨ ਹਥਿਆਰਬੰਦ ਲੁਟੇਰਿਆਂ ਨੇ ਇੱਕ ਕਿਸਾਨ ਦੇ ਘਰ ਵਿੱਚ ਵੜ ਕੇ ਘਰ ਵਿੱਚੋਂ ਸੋਨੇ ਦੇ ਗਹਿਣੇ, 25 ਹਜ਼ਾਰ ਰੁਪਏ ਨਕਦ, ਡੀ ਵੀ ਡੀ, ਐਲ ਸੀ ਡੀ, ਮੋਬਾਈਲ ਫੋਨਾਂ ਸਮੇਤ ਲਗਭਗ 10 ਲੱਖ ਰੁਪਏ ਦਾ ਸਾਮਾਨ ਲੁੱਟ ਲਿਆ।

ਪੀੜਤ ਕਿਸਾਨ ਬਲਵਿੰਦਰ ਸਿੰਘ ਪੁੱਤਰ ਜਗੀਰ ਸਿੰਘ ਨੇ ਦੱਸਿਆ ਕਿ ਕੱਲ੍ਹ ਤੜਕੇ ਇੱਕ ਵਜੇ ਮੂੰਹ ਬੰਨ੍ਹ ਕੇ ਤਿੰਨ ਹਥਿਆਰਬੰਦ ਲੁਟੇਰੇਛੱਤ ਰਾਹੀਂ ਉਨ੍ਹਾਂ ਦੇ ਘਰ ਵਿਚ ਆਏ। ਉਨ੍ਹਾ ਵਿੱਚੋਂ ਇੱਕ ਲੁਟੇਰੇ ਨੇ ਪਿਸਤੌਲ ਉਨ੍ਹਾਂ ਉਪਰ ਤਾਣ ਕੇ ਕਿਹਾ ਕਿ ਜੋ ਕੁਝ ਵੀ ਘਰ ਵਿੱਚ ਹੈ, ਚੁੱਪਚਾਪ ਉਨ੍ਹਾਂ ਦੇ ਹਵਾਲੇ ਕਰ ਦਿਓ ਜਾਂ ਮਰਨ ਲਈ ਤਿਆਰ ਹੋ ਜਾਓ।ਉਨ੍ਹਾਂ ਦੱਸਿਆ ਕਿ ਲੁਟੇਰਿਆਂ ਨੇ ਉਨ੍ਹਾਂ ਦੇ ਘਰ ਦੀਆਂ ਅਲਮਾਰੀਆਂ ਵਿੱਚ ਪਏ ਅਤੇ ਘਰ ਦੇ ਮੈਂਬਰਾਂ ਦੇ ਗਲਾਂ, ਕੰਨਾਂ ਤੇ ਹੱਥਾਂ ਵਿੱਚ ਪਾਏ ਸੋਨੇ ਦੇ ਗਹਿਣੇ, ਘਰੇਲੂ ਕੱਪੜੇ ਤੇ ਜੁੱਤੀਆਂ ਤਕ ਲੈ ਲਈਆਂ। ਲੁੱਟ ਤੋਂ ਬਾਅਦ ਲੁਟੇਰਿਆਂ ਨੇ ਸਾਰਾ ਸਾਮਾਨ ਬੰਨ੍ਹ ਕੇ ਉਨ੍ਹਾਂ ਦੀ ਸਕੂਟਰੀ ਉਪਰ ਲੱਦ ਲਿਆ, ਪਰ ਸਕੂਟਰੀ ਸਟਾਰਟ ਨਾ ਹੋਈ ਤਾਂ ਸਿਰਾਂ ਉਪਰ ਸਾਮਾਨ ਚੁੱਕ ਕੇ ਖੇਤਾਂ ਵਿੱਚ ਦੀ ਫਰਾਰ ਹੋ ਗਏ।


ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011


## ਅਕਾਲੀ ਪੋਸਟਰ ਉੱਤੇ ਰਾਜੋਆਣਾ ਦੀ ਫੋਟੋ, ਚੋਣ ਕਮਿਸ਼ਨ ਸਹਿਮਤ ਨਹੀਂ

*** ਅਕਾਲੀ ਦਲ ਨੇ ਮੁੜ ਵਿਚਾਰ ਲਈ ਚੋਣ ਕਮਿਸ਼ਨ ਨੂੰ ਲਿਖਿਆ**

ਚੰਡੀਗੜ੍ਹ, 12 ਜੂਨ, (ਪੋਸਟ ਬਿਊਰੋ)- ਬਾਦਲ ਅਕਾਲੀ ਦਲ ਨੇ ਸੰਗਰੂਰ ਲੋਕ ਸਭਾ ਸੀਟ ਦੀ ਉੱਪ ਚੋਣ ਲਈ ਪਾਰਟੀ ਦੇ ਪੋਸਟਰ ਨੂੰ ਮਨਜ਼ੂਰੀ ਦੇਣ ਤੋਂ ਇਨਕਾਰ ਕਰਨ ਦੇ ਫੈਸਲੇ ਦੀ ਮੁੜ ਵਿਚਾਰ ਲਈ ਮੁੱਖ ਚੋਣ ਅਧਿਕਾਰੀ (ਸੀਈਓ) ਨੂੰ ਅਪੀਲ ਕੀਤੀ ਹੈ। ਇਸ ਬਾਰੇ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਡਾ: ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਕਮਿਸ਼ਨ ਦੀ ਮੀਡੀਆ ਸਰਟੀਫਿਕੇਸ਼ਨ ਅਤੇ ਨਿਗਰਾਨ ਕਮੇਟੀ ਨੇ ਇਸ ਆਧਾਰ ਉੱਤੇ ਪੋਸਟਰਾਂ ਨੂੰ ਰੱਦ ਕਰ ਦਿੱਤਾ ਕਿ ਇਸ ਨਾਲ ਲੋਕਾਂ ਵਿੱਚ ਬੇਚੈਨੀ ਪੈਦਾ ਹੋਵੇਗੀ।

ਵਰਨਣਯੋਗ ਹੈ ਕਿ ਅਕਾਲੀ ਦਲ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘਕਤਲ ਕੇਸ ਵਿੱਚ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੂੰ ਉਮੀਦਵਾਰ ਬਣਾਇਆ ਹੈ। ਰਾਜੋਆਣਾ ਅੱਜਕੱਲ੍ਹ ਜੇਲ੍ਹ ਵਿੱਚ ਹੈ। ਅਕਾਲੀ ਦਲ ਦੇ ਚੋਣ ਪੋਸਟਰ ਵਿੱਚ ਕਮਲਦੀਪ ਕੌਰ ਨਾਲ ਰਾਜੋਆਣਾ ਦੀ ਫੋਟੋ ਹੈ। ਪੱਤਰਕਾਰਾਂ ਨੂੰ ਪੋਸਟਰ ਦਿਖਾ ਕੇ ਚੀਮਾ ਨੇ ਕਿਹਾ, 'ਕਮਲਦੀਪ ਕੌਰ ਆਪਣੇ ਭਰਾ ਰਾਜੋਆਣਾ ਸਮੇਤ ਸਾਰੇ ਸਿੱਖ ਕੈਦੀਆਂ ਦੀ ਰਿਹਾਈ ਲਈ ਮਦਦ ਮੰਗਦੀ ਹੈ। ਇਹ ਉਨ੍ਹਾਂ ਦਾ ਅਧਿਕਾਰ ਹੈ। ਇਹ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਅਧੀਨ ਵੀ ਹੈ।' ਚੀਮਾ ਨੇ ਕਿਹਾ ਕਿ ਇਹ ਪੋਸਟਰ ਜਾਰੀ ਕਰਕੇ ਸੂਬੇ ਦੀ ਸ਼ਾਂਤੀ ਭੰਗ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਏਦਾਂ ਦੇ ਪੋਸਟਰ ਇਸ ਤੋਂ ਪਹਿਲਾਂ 1989 ਵਿੱਚ ਅਕਾਲੀ ਦਲ ਅੰਮ੍ਰਿਤਸਰ ਦੇ



ਆਗੂਆਂ ਸਿਮਰਨਜੀਤ ਸਿੰਘ ਮਾਨ ਤੇ ਅਤਿੰਦਰਪਾਲ ਸਿੰਘ ਦੀਆਂ ਚੋਣਾਂ ਦੌਰਾਨ ਵੀ ਲਾਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਮਨੁੱਖੀ ਅਧਿਕਾਰਾਂ ਦਾ ਮੁੱਦਾ ਹੈ ਅਤੇ ਬਲਵੰਤ ਸਿੰਘ ਰਾਜੋਆਣਾ 28 ਸਾਲਾਂ ਤੋਂ ਬਿਨਾਂ ਪੈਰੋਲ ਤੋਂ ਜੇਲ੍ਹ ਵਿੱਚ ਬੰਦ ਹੈ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636


2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification

Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਪਾਕਿ ਚੋਣ ਕਮਿਸ਼ਨ ਦੇ ਫੈਸਲੇ ਦੇ ਖਿਲਾਫ ਇਮਰਾਨ ਨੇ ਸੁਪਰੀਮ ਕੋਰਟ ਦਾ ਰਾਹ ਫੜਿਆ



ਇਸਲਾਮਾਬਾਦ, 12 ਜੂਨ, (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ 11 ਮਈ ਨੂੰ ਦੇਸ਼ ਦੀ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਪਾਕਿ-ਸਤਾਨ ਦੇ ਚੋਣ ਕਮਿਸ਼ਨ (ਈ ਸੀ ਪੀ) ਦੇ ਉਸ ਫੈਸਲੇ ਨੂੰ ਚੁਣੌਤੀ ਦਿੱਤੀ ਹੈ, ਜਿਸ ਵਿੱਚ ਪਾਰਟੀ ਦੇ 20 ਅਸੰਤੁਸ਼ਟ ਨੈਸ਼ਨਲ ਅਸੈਂਬਲੀ ਮੈਂਬਰਾਂ ਖਿਲਾਫ ਅਯੋਗਤਾ ਦੇ ਹਵਾਲੇ ਨਾਲਉਨ੍ਹਾਂ ਦੀ ਮੈਂਬਰੀ ਖਾਰਜ ਕਰਨ ਦੀ ਮੰਗ ਰੱਦ ਕਰ ਦਿੱਤੀ ਗਈ ਸੀ।

ਅੰਗਰੇਜ਼ੀ ਅਖ਼ਬਾਰ ਡਾਨ ਦੀ ਖਬਰ ਅਨੁਸਾਰ ਡਾਕਟਰ ਆਮਿਰ ਲਿਆਕਤ ਹੁਸੈਨ ਦੇ ਦੇਹਾਂਤ ਪਿੱਛੋਂ ਇਮਰਾਨ ਖਾਨ ਦੀ ਤਹਿਰੀਕੇ ਇਨਸਾਫ ਪਾਰਟੀ(ਪੀ ਟੀ ਆਈ) ਦੇ ਵਕੀਲ ਦੇ ਦੱਸਣ ਅਨੁਸਾਰ ਆਪਣੀ ਪਾਰਟੀ ਤੋਂਸੰਤੁਸ਼ਟ ਨਾ ਹੋਣ ਕਾਰਨ ਜਿਨ੍ਹਾਂ ਨੈਸ਼ਨਲ ਅਸੈਂਬਲੀ ਮੈਂਬਰਾਂ ਨੇ ਨਵੀਂ ਸਰਕਾਰ ਦੀ ਹਮਾਇਤਕੀਤੀ ਸੀ, ਉਨ੍ਹਾਂਬਾਰੇ 19 ਅਪੀਲਾਂ ਦਾ ਸੈੱਟ ਪੇਸ਼ ਕੀਤਾ ਗਿਆ ਸੀ।ਮੁੱਖ ਚੋਣ ਕਮਿਸ਼ਨਰ ਸਿਕੰਦਰ ਸੁਲਤਾਨ ਰਾਜਾ ਦੀ ਅਗਵਾਈ ਹੇਠ ਤਿੰਨ ਮੈਂਬਰੀ ਈ ਸੀ ਪੀ ਬੈਂਚ ਨੇ ਸਰਬਸੰਮਤੀ ਨਾਲ ਅਯੋਗਤਾ ਦੇ ਦੋਸ਼ਰੱਦ ਕਰ ਦਿੱਤੇ, ਜਿਹੜੇਪੀ ਟੀ ਆਈ ਪਾਰਟੀ ਨੇ20 ਐੱਮ ਐੱਨ ਏਜ਼ ਵਿਰੁੱਧਇਸ ਆਧਾਰ ਉੱਤੇਕਮਿਸ਼ਨ ਨੂੰ ਭੇਜੇ ਸਨ ਕਿ ਸੰਵਿਧਾਨ ਦੀ ਧਾਰਾ 63ਏ, ਜੋ ਪਾਰਲੀਮੈਂਟ ਮੈਂਬਰਾਂ ਨਾਲ ਸਬੰਧਤ ਹੈ, ਦਲ-ਬਦਲੀ ਲਈ ਅਯੋਗਤਾ ਉਨ੍ਹਾਂ 20 ਐੱਮ ਐੱਨਏਜ਼ ਉੱਤੇ ਲਾਗੂ ਨਹੀਂ ਹੁੰਦੀ, ਜਿਨ੍ਹਾਂ ਨੇ ਪਿਛਲੇ ਮਹੀਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਖਿਲਾਫ ਬੇਭਰੋਸਗੀ ਮਤੇ ਦੇ ਹੱਕ ਵਿੱਚ ਵੋਟ ਦਿੱਤਾ ਸੀ।

ਇਕ ਪਟੀਸ਼ਨ ਵਿੱਚ ਨੈਸ਼ਨਲ ਅਸੈਂਬਲੀ ਵਿੱਚ ਮੌਜੂਦਾ ਵਿਰੋਧੀ ਧਿਰ ਦੇ ਨੇਤਾ ਰਾਜਾ ਰਿਆਜ਼ ਉੱਤੇ ਵਿਰੋਧੀ ਧਿਰ ਦੀ ਪਾਕਿਸਤਾਨ ਡੈਮੋਕਰੇਟਿਕ ਮੂਵਮੈਂਟ (ਪੀਡੀਐੱਮ) ਵੱਲ ਆਪਣੀ ਵਫ਼ਾਦਾਰੀ ਬਦਲ ਕੇ ਧੋਖੇਬਾਜ਼ੀ ਕਰਨ ਦਾ ਦੋਸ਼ ਲਾਇਆ ਗਿਆ ਸੀ। ਉਨ੍ਹਾਂ ਨੇ ਓਦੋਂ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਖਿਲਾਫ8 ਮਾਰਚ ਨੂੰ ਕੌਮੀ ਅਸੈਂਬਲੀਵਿੱਚ ਪੇਸ਼ ਹੋਏ ਬੇਭਰੋਸਗੀ ਮਤੇ ਵਿੱਚ ਵੀ ਸਰਗਰਮੀ ਨਾਲ ਹਿੱਸਾ ਲਿਆ ਸੀ। ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਕਿ ਰਿਆਜ਼ ਨੇ ਪਾਰਟੀ ਡਿਸਿਪਲਿਨ ਤੋੜਿਆਅਤੇ ਕਾਨੂੰਨ ਤੇ ਸੰਵਿਧਾਨ ਦੀ ਅਣਦੇਖੀ ਕਰਦੇ ਹੋਏ ਪੀ ਟੀ ਆਈ ਦੇ ਹੋਰ ਮੈਂਬਰਾਂ ਨਾਲ ਦਲ-ਬਦਲੀ ਮੁਹਿੰਮ ਦੀ ਅਗਵਾਈ ਕਰ ਕੇ ਲੋਕਤੰਤਰ, ਸੰਵਿਧਾਨ, ਪਾਰਟੀ ਅਤੇ ਲੋਕਾਂ ਨੂੰ ਨੁਕਸਾਨ ਕੀਤਾ ਹੈ।

# ਰਾਜ ਸਭਾ ਲਈ ਕਰਾਸ ਵੋਟਿੰਗ: ਹਰਿਆਣਾ ਵਿੱਚ ਕਾਂਗਰਸ ਨੇ ਕੁਲਦੀਪ ਬਿਸ਼ਨੋਈ ਨੂੰ ਸਾਰੇ ਅਹੁਦਿਆਂ ਤੋਂ ਹਟਾਇਆ



ਨਵੀਂ ਦਿੱਲੀ, 12 ਜੂਨ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਅੱਜ ਸ਼ਨੀਵਾਰ ਨੂੰ ਹਰਿਆਣਾ ਤੋਂ ਸੀਨੀਅਰ ਪਾਰਟੀ ਨੇਤਾ ਕੁਲਦੀਪ ਬਿਸ਼ਨੋਈ ਦੇ ਵਿਰੁੱਧਰਾਜ ਸਭਾ ਚੋਣਾਂ ਵਿੱਚ ਕਰਾਸ ਵੋਟਿੰਗਦੇ ਦੋਸ਼ ਲੱਗਣ ਪਿੱਛੋਂ ਉਸ ਨੂੰ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਹਟਾ ਦਿੱਤਾ ਹੈ। ਵਰਨਣ ਯੋਗ ਹੈ ਕਿ ਰਾਜ ਸਭਾ ਚੋਣਾਂ ਦੇ ਦੌਰਾਨਪਾਰਟੀ ਦੇ ਉਮੀਦਵਾਰ ਅਜੇ ਮਾਕਨ ਦੀ ਹਾਰ ਪਿੱਛੇ ਕੁਲਦੀਪ ਬਿਸ਼ਨੋਈ ਦਾ ਹੱਥ ਹੋਣ ਦੀ ਗੱਲ ਮੰਨੀ ਗਈ ਸੀ।

ਇਸ ਤੋਂ ਪਹਿਲਾਂ ਕੁਲਦੀਪ ਬਿਸ਼ਨੋਈ ਵੀ ਕਾਂਗਰਸ ਤੋਂ ਨਾਰਾਜ਼ ਸੀ।ਏਸੇ ਲਈ ਕਾਂਗਰਸ ਨੇ ਆਪਣੇ ਵਿਧਾਇਕ ਕੁਲਦੀਪ ਬਿਸ਼ਨੋਈ ਉੱਤੇਨੂੰ ਪਾਰਟੀ ਤੋਂ ਬਾਹਰਲਾ ਰਸਤਾ ਦਿਖਾ ਦਿੱਤਾ ਹੈ। ਪਾਰਟੀ ਦੇ ਸੰਗਠਨ ਜਨਰਲ ਸੈਕਟਰੀ ਕੇਸੀ ਵੇਣੂਗੋਪਾਲ ਦੇ ਦੱਸਣ ਅਨੁਸਾਰ ਸੋਨੀਆ ਗਾਂਧੀ ਨੇ ਕੁਲਦੀਪ ਬਿਸ਼ਨੋਈ ਨੂੰ ਕਾਂਗਰਸ ਵਰਕਿੰਗ ਕਮੇਟੀ ਦੇ ਵਿਸ਼ੇਸ਼ ਇਨਵਾਈਟੀ ਸਮੇਤ ਪਾਰਟੀ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਹੈ।ਜਾਣਕਾਰ ਸੂਤਰਾਂ ਮੁਤਾਬਕ ਕਾਂਗਰਸ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਨੂੰ ਬਿਸ਼ਨੋਈ ਦੀ ਵਿਧਾਇਕੀ ਖਤਮ ਕਰਨ ਦੀ ਸਿਫਾਰਿਸ਼ ਵੀ ਕਰੇਗੀ। ਰਾਜ ਸਭਾ ਚੋਣ ਵਿੱਚਪਾਰਟੀ ਉਮੀਦਵਾਰ ਅਜੈ ਮਾਕਨ ਦੀ ਹਾਰ ਪਿੱਛੋਂ ਹਰਿਆਣਾ ਕਾਂਗਰਸ ਦੇ ਸੀਨੀਅਰ ਆਗੂ ਅਤੇ ਕਾਂਗਰਸ ਦੇ ਓਬੀਸੀ (ਹੋਰ ਪਛੜੀਆਂ ਸ਼੍ਰੇਣੀਆਂ) ਦੇ ਵਿਭਾਗ ਦੇ ਕੌਮੀ ਪ੍ਰਧਾਨ ਅਜੈ ਸਿੰਘ ਯਾਦਵ ਨੇ ਟਵੀਟ ਕਰਕੇ ਸਾਫਤੌਰ ਉੱਤੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਉਨ੍ਹਾਂ ਦੇ ਪਾਰਲੀਮੈਂਟ ਮੈਂਬਰ ਪੁੱਤਰ ਦੀਪੇਂਦਰ ਹੁੱਡਾ ਨੂੰ ਨਿਸ਼ਾਨਾ ਬਣਾਇਆ ਹੈ, ਪਰ ਰੌਲਾ ਪੈਣ ਪਿੱਛੋਂ ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਹੁੱਡਾ ਪਰਿਵਾਰ ਦੇ ਖਿਲਾਫ ਇਸ਼ਾਰਾ ਨਹੀਂ ਕਰ ਰਹੇ ਸਨ।

ਹਰਿਆਣਾ ਵਿੱਚਬੀਤੇ ਸ਼ੁੱਕਰਵਾਰ ਹੋਈ ਰਾਜ ਸਭਾ ਚੋਣ ਮੌਕੇ ਕਾਂਗਰਸ ਪਾਰਟੀ ਨੂੰ ਝਟਕਾ ਦਿੰਦੇ ਹੋਏ ਭਾਜਪਾ ਉਮੀਦਵਾਰ ਕ੍ਰਿਸ਼ਨ ਲਾਲ ਪੰਵਾਰ ਤੇ ਭਾਜਪਾ ਦੇ ਸਮੱਰਥਨ ਵਾਲੇ ਆਜ਼ਾਦ ਉਮੀਦਵਾਰ ਕਾਰਤੀਕੇ ਸ਼ਰਮਾ ਨੇ ਰਾਜ ਸਭਾ ਦੀਆਂ ਦੋਵੇਂ ਸੀਟਾਂ ਜਿੱਤ ਲਈਆਂ ਹਨ।ਇਸ ਚੋਣ ਵਿੱਚਨਿਯਮਾਂ ਦੇ ਉਲੰਘਣਾ ਦੇ ਦੋਸ਼ਾਂ ਕਾਰਨ ਵੋਟਾਂ ਦੀ ਗਿਣਤੀ ਸੱਤ ਘੰਟੇ ਤੋਂ ਵੱਧ ਦੇਰੀ ਨਾਲ ਹੋਈ ਅਤੇ ਤੜਕੇ 2 ਵਜੇ ਇਨ੍ਹਾਂ ਦੋ ਸੀਟਾਂ ਦੇ ਨਤੀਜੇ ਐਲਾਨੇ ਗਏ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

Founder Editor — Jagdish Singh Grewal
Managing Director — Parminder Kaur Grewal
Contributing Editors — Gyan Singh,
Office Admin — Sajandeep Singh
Graphic Designer — Angrez Singh, Komal Matharu
Photographer — Kanwaljit Singh Kanwal
Distributer Marketing: — Bhupinder Dhillon, Sajandeep Singh

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


# "ਵਿਦਿਆ ਪ੍ਰਕਾਸ਼ ਸਕੂਲ ਵਾਪਸੀ ਦਾ ਆਗਾਜ਼" ਅਤੇ ਬਾਲ ਮਜ਼ਦੂਰੀ ਤਹਿਤ ਕੀਤੀ ਗਈ ਚੈਕਿੰਗ

ਪਠਾਨਕੋਟ: 12 ਜੂਨ (ਰਾਜਿੰਦਰ ਸਿੰਘ ਰਾਜਨ ) ਮਾਨਯੋਗ ਵਧੀਕ ਮੁੱਖ ਸਕੱਤਰ ਸ਼੍ਰੀਮਤੀ ਸੀਮਾ ਜੈਨ ਅਤੇ ਸ਼੍ਰੀ ਅਰਵਿੰਦ ਪਾਲ ਸਿੰਘ ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸ਼. ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਦੇ ਹੁਕਮਾਂ ਅਨੁਸਾਰ ਬਾਲ ਮਜਦੂਰੀ ਅਤੇ ਭਿੱਖਿਆ ਵਰਤੀ ਨੂੰ ਰੋਕਣ ਲਈ ਪੰਜਾਬ ਸਟੇਟ ਐਕਸ਼ਨ ਪਲਾਨ ਦੀ ਗਾਇਡਲਾਈਨ ਅਤੇ ਚਿਲਡਰਨ ਇਨ ਸਟ੍ਰੀਟ ਸਿਚੁਵੇਸ਼ਨ ਤਹਿਤ ਊਸ਼ਾ ਜਿਲ੍ਹਾ ਬਾਲ ਸੁਰੱਖਿਆ ਅਫਸਰ ਪਠਾਨਕੋਟ ਦੀ ਅਗਵਾਈ ਹੇਠ ਬਾਲ ਮਜਦੂਰੀ ਅਤੇ ਬਾਲ ਭਿਖਿਆ ਰੋਕੂ ਜਿਲ੍ਹਾ ਪੱਧਰੀ ਟਾਸਕ ਫੋਰਸ ਵਲੋਂ ਜਿਲੇ ਦੇ ਵੱਖ ਵੱਖ ਜਨਤਕ ਥਾਵਾ ਤੇ ਰੇਡਜ ਕੀਤੀਆਂ ਗਈਆਂ। ਜਿਸ ਦੋਰਾਨ ਬਾਲ ਭਿੱਖਿਆਂ ਮੰਗਣ ਵਾਲੇ ਬੱਚਿਆ ਅਤੇ ਸੜਕ ਕਿਨਾਰੇ ਰਹਿ ਰਹੇ ਬੱਚਿਆਂ ਦੀ ਭਾਲ ਕੀਤੀ ਗਈ ਅਤੇ ਇਸ ਦੋਰਾਨ ਮਿਲੇ ਬੱਚਿਆਂ ਦੇ ਪਰਿਵਾਰ ਨਾਲ ਤਾਲਮੇਲ ਕੀਤਾ ਗਿਆ ਅਤੇ ਬਾਲ ਭਲਾਈ ਕਮੇਟੀ ਸਾਹਮਣੇ ਪੇਸ਼ ਕਰਕੇ ਉਨ੍ਹਾ ਨੂੰ ਪੰਜਾਬ ਸਰਕਾਰ ਵਲੋਂ ਚਲਾਈਆਂ ਜਾ ਰਹੀਆ ਸਕੀਮਾਂ ਬਾਰੇ ਜਾਗਰੂਕ ਕੀਤਾ ਗਿਆ ।

ਉਨ੍ਹਾਂ ਨੇ ਦੱਸਿਆ ਕਿ ਇਹ ਅਭਿਆਨ ਜੂਨ ਮਹੀਨੇ ਭਰ ਚਲਾਇਆ ਜਾ ਰਿਹਾ ਹੈ। ਅੱਜ ਕੀਤੀ ਕਾਰਵਾਈ ਦੋਰਾਨ ਜਿਲ੍ਹਾ ਟਾਸਕ ਫੋਰਸ ਵੱਲੋਂ ਮੋਕੇ ਤੇ ਹੀ 0 ਤੋਂ 6 ਸਾਲ ਦੇ ਬੱਚਿਆਂ ਦਾ ਨਜਦੀਕੀ ਆਂਗਨਵਾੜੀ ਵਿੱਚ ਨਾਮ ਦਰਜ ਕਰਵਾਏ ਗਏ ਜਿਸ ਨਾਲ ਇਨ੍ਹਾ ਬੱਚਿਆਂ ਦੀ ਮੁੱਢਲੀ ਸਿੱਖਿਆ ਅਤੇ ਰਾਸ਼ਨ ਆਂਗਨਵਾੜੀ ਵਲੋਂ ਮਿਲੇਗਾ ਇਸ ਰੇਡਜ ਦੋਰਾਨ ਕੁਛ ਬੱਚੇ ਜੋ ਕਿ ਦੂਜੇ ਰਾਜ ਨਾਲ ਸਬੰਧਤ ਸੀ ਉਨ੍ਹਾ ਦੇ ਰਾਜ ਦੀ ਬਾਲ ਭਲਾਈ ਕਮੇਟੀ ਅਤੇ ਜਿਲ੍ਹਾ ਬਾਲ ਸੁਰਖਿਆ ਯੂਨਿਟ ਨਾਲ ਤਾਲਮੇਲ ਕੀਤਾ ਗਿਆ ਜਿਸ ਨਾਲ ਇਨ੍ਹਾ ਬੱਚਿਆਂ ਨੂੰ ਉਨ੍ਹਾ ਦੇ ਰਾਜ ਵਿੱਚ ਚਲਾਈਆਂ ਸਕੀਮਾਂ ਵਿੱਚ ਦਰਜ ਕਰਕੇ ਲਾਭ ਦਿੱਤਾ ਜਾ ਸਕੇ ਅਤੇ ਆਪਣੇ ਗ੍ਰਹਿ ਜਿਲੇ ਵਿੱਚ ਹੀ ਇਨ੍ਹਾ ਦੀ ਦੇਖਭਾਲ ਯਕੀਨੀ ਬਣਾਈ ਜਾ ਸਕੇ । ਟੀਮ ਵੱਲੋਂ ਸਲਮ ਏਰੀਆ ਵਿੱਚ ਜਾ ਕੇ ਬੱਚਿਆਂ ਦੇ ਮਾਤਾ ਪਿਤਾ ਨਾਲ ਗੱਲਬਾਤ ਕਰਕੇ ਬੱਚਿਆਂ ਦਾ ਡਾਟਾ ਲਿਆ ਗਿਆ। ਜਿਸ ਦੋਰਾਨ ਕੁਲ 22 ਬੱਚਿਆਂ ਦੀ ਭਾਲ ਕੀਤੀ ਗਈ ਅਤੇ ਉਨ੍ਹਾਂ ਨੂੰ "ਵਿਦਿਆ ਪ੍ਰਕਾਸ਼ ਸਕੂਲ ਵਾਪਸੀ ਦਾ ਆਗਾਜ" ਤਹਿਤ ਤੁਰੰਤ ਨਜਦੀਕੀ ਸਰਕਾਰੀ ਸਕੂਲ ਵਿੱਚ ਨਾਮਜਦ ਕੀਤਾ ਗਿਆ।

ਜਿਲ੍ਹਾ ਬਾਲ ਸੁਰੱਖਿਆ ਅਫਸਰ ਪਠਾਨਕੋਟ ਊਸ਼ਾ ਨੇ ਦੱਸਿਆ ਕਿ ਇਹ ਸਲਮ ਏਰੀਆ ਵਿੱਚ ਮਾਤਾ ਪਿਤਾ ਨੂੰ ਜਿਆਦਾ ਜਾਣਕਾਰੀ ਨਾ ਹੋਣ ਕਰਕੇ ਆਂਗਨਵਾੜੀ ਸੈਂਟਰਾਂ ਵਿੱਚ ਦਿੱਤੀਆਂ ਜਾਂਣ ਵਾਲੀਆਂ ਸਹੂਲਤਾ ਦਾ ਪਤਾ ਨਹੀ ਹੁੰਦਾ ਅਤੇ ਕਈ ਛੋਟੇ ਬੱਚੇ ਇਨ੍ਹਾ ਸਕੀਮਾਂ ਤੋਂ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਰੇਡ ਦੋਰਾਨ ਬੱਚਿਆਂ ਨੂੰ ਸਕੂਲ ਵਿੱਚ ਵੀ ਨਾਮਜਦ ਕਰਵਾਇਆ ਜਾਂਦਾ ਹੈ ਪਰ ਇਹ ਪਰਿਵਾਰ ਕੁਝ ਸਮੇ ਬਾਅਦ ਆਪਣੇ ਰਾਜ ਵਿੱਚ ਵਾਪਿਸ ਚਲੇ ਜਾਂਦੇ ਹਨ ਜਿਸ ਕਰਕੇ ਇਨ੍ਹਾ ਬੱਚਿਆਂ ਦੀ ਸੂਚਨਾ ਸਬੰਧਤ ਜਿਲ੍ਹੇ ਨਾਲ ਸਾਂਝਾ ਕੀਤੀ ਜਾਂਦੀ ਹੈ ਤਾਂ ਜੋ ਇਨ੍ਹਾ ਬੱਚਿਆ ਦੀ ਸਿੱਖਿਆ ਉਨ੍ਹਾ ਦੇ ਰਾਜ ਵਿੱਚ ਪੂਰੀ ਹੋ ਸਕੇ ਟੀਮ ਵਲੋਂ ਸਲਮ ਏਰੀਆ ਵਿਚ ਜਾ ਕੇ ਕਰੋਨਾ ਮਾਹਮਾਰੀ ਬਾਰੇ ਜਾਣਕਾਰੀ ਵੀ ਦਿੱਤੀ ਗਈ। ਜਿਲ੍ਹਾ ਬਾਲ ਸੁਰੱਖਿਆ ਅਫਸਰ ਪਠਾਨਕੋਟ ਵਲੋਂ ਆਮ ਜਨਤਾ ਨੂੰ ਇਹ ਅਪੀਲ ਵੀ ਕੀਤੀ ਗਈ ਕਿ ਜੇਕਰ ਤੁਹਾਨੂੰ ਕੋਈ ਬੱਚਾ ਭਿਖਿਆ ਮੰਗਦਾ ਜਾ ਬਾਲ ਮਜਦੂਰੀ ਕਰਦਾ ਹੋਇਆ ਮਿਲਦਾ ਹੈ ਤਾਂ ਉਸ ਦੀ ਸੂਚਨਾ ਬਾਲ ਹੇਲਪਲਾਈਨ 1098 ਤੇ ਦਿੱਤੀ ਜਾਵੇ ਤਾਂ ਜੋ ਤੁਹਾਡੀ ਇਕ ਪਹਿਲ ਕਿਸੀ ਬੱਚੇ ਦੀ ਜਿੰਦਗੀ ਬਦਲ ਸਕੇ , 0 ਤੋਂ 18 ਸਾਲ ਦੇ ਬੱਚਿਆ ਲਈ ਪੰਜਾਬ ਸਰਕਾਰ ਵਲੋਂ ਚਲਾਈ ਜਾ ਰਹੀ ਸਕੀਮਾਂ ਬਾਰੇ ਜਾਣਕਾਰੀ ਲਈ ਜਿਲ੍ਹਾ ਬਾਲ ਸੁਰੱਖਿਆ ਯੂਨਿਟ ਕਮਰਾ ਨੰ 219 ਜਿਲ੍ਹਾ ਪ੍ਰਬੰਧਕੀ ਕੰਪਲੈਕਸ ਪਠਾਨਕੋਟ ਵਿਖੇ ਜਾਂ ਬਾਲ ਹੇਲਪਲਾਈਨ 1098 ਤੇ ਫੋਨ ਕਰਕੇ ਲਈ ਜਾ ਸਕਦੀ ਹੈ ਜਿਲ੍ਹਾ ਬਾਲ ਸੁਰੱਖਿਆ ਅਫਸਰ ਨੇ ਦਸਿਆ ਕਿ ਇਸ ਤਰ੍ਹਾ ਦੀ ਰੇਡਜ ਪਹਿਲਾ ਵੀ ਹੋ ਰਹੀਆ ਹਨ ਅਤੇ ਇਹ ਲਗਾਤਾਰ ਜਾਰੀ ਰਹਿਣ ਗੀਆਂ, ਜੇਕਰ ਕੋਈ ਮਾਤਾ ਪਿਤਾ ਬੱਚੇ ਤੋਂ ਬਾਲ ਭਿਖਿਆ ਕਰਵਾਉਂਦਾ ਪਾਇਆ ਗਿਆ ਤਾਂ ਮਾਤਾ ਪਿਤਾ ਤੇ ਵੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਬੱਚਿਆਂ ਦੀ ਸੁਰੱਖਿਆ ਅਤੇ ਦੇਖਭਾਲ ਸਬੰਧੀ ਸਾਡੇ ਨਾਲ ਹਮੇਸ਼ਾ ਤਾਲਮੇਲ ਕੀਤਾ ਜਾ ਸਕਦਾ ਹੈ।












# ਪਾਣੀ ਦੀ ਘਰੇਲੂ ਵਰਤੋਂ ਸਬੰਧੀ ਲੋਕਾਂ ਦੀ ਸੋਚ



ਡਾ. ਅਮਨਪ੍ਰੀਤ ਸਿੰਘ ਬਰਾੜ



ਇਸ ਵਿਚ ਕੋਈ ਦੋ ਰਾਇ ਨਹੀਂ ਕੇ ਜੀਵਨ ਜਿਉਣ ਲਈ ਪਾਣੀ ਦੂਜੇ ਨੰਬਰ ਤੇ ਆਉਂਦਾ ਹੈ। ਪਹਿਲਾ ਹਵਾ ਜਿੱਥੋਂ ਅਸੀਂ ਸਾਹ ਲੈਂਦੇ ਹਾਂ ਅਤੇ ਦੂਜਾ ਸਥਾਨ ਪਾਣੀ ਦਾ ਉਸ ਤੋਂ ਅੱਗੇ ਖ਼ੁਰਾਕ ਆਉਂਦੀ ਹੈ। ਪਾਣੀ ਦੀ ਉਪਲੱਬਧਤਾ, ਇਸ ਦੀ ਵਰਤੋਂ ਅਤੇ ਧਰਤੀ ਹੇਠਲੇ ਪਾਣੀ ਦੇ ਨੀਵੇਂ ਜਾਣ ਦੇ ਚਰਚੇ ਆਏ ਦਿਨ ਮੀਡੀਆ ਵਿੱਚ ਹੁੰਦੇ ਰਹਿੰਦੇ ਹਨ। ਖ਼ਬਰਾਂ ਲਿਖਣ ਵਾਲਿਆਂ ਦਾ ਅਤੇ ਲਿਖਾਰੀਆਂ ਦਾ ਆਮ ਸੁਭਾ ਹੀ ਬਣ ਗਿਆ ਹੈ ਕਿ ਪਾਣੀ ਹੇਠਾਂ ਜਾਣ ਦੀਆਂ ਜਾਂ ਪਾਣੀ ਦੇ ਪ੍ਰਦੂਸ਼ਣ ਦੀਆਂ ਸਮੱਸਿਆਵਾਂ ਦਾ ਠੀਕਰਾ ਆਮ ਤੌਰ ਤੇ ਕਿਸਾਨਾਂ ਸਿਰ ਹੀ ਮੜ੍ਹਿਆ ਜਾਂਦਾ ਹੈ। ਇਹ ਠੀਕ ਹੈ ਕਿ ਤਕਰੀਬ 80 ਪ੍ਰਤੀਸ਼ਤ ਪਾਣੀ ਦੀ ਵਰਤੋਂ ਫ਼ਸਲਾਂ ਲਈ ਹੁੰਦੀ ਹੈ। ਪਰ 20 ਪ੍ਰਤੀਸ਼ਤ ਪਾਣੀ ਘਰੇਲੂ ਅਤੇ ਉਦਯੋਗਾਂ ਲਈ ਵਰਤਿਆ ਜਾਂਦਾ ਹੈ। ਇਸ ਵਿੱਚ ਭੀ ਕਿਫਾਇਤ ਦੀ ਲੋੜ ਹੈ। ਪਾਣੀ ਦੀ ਘਰੇਲੂ ਵਰਤੋਂ ਲਈ ਲੋਕਾਂ ਦੀ ਕੀ ਧਾਰਨਾ ਅਤੇ ਵਿਚਾਰੈਂ ਹਨਇਹ ਜਾਨਣ ਲਈ ਪੰਜਾਬ ਦੇ ਸ਼ਹਿਰਾਂ ਵਿੱਚ ਸੈਂਪਲ ਸਰਵੇ ਕੀਤਾ ਗਿਆ ਸੀ। ਇਸ ਲੇਖ ਵਿੱਚ ਲੋਕਾਂ ਦੀ ਜਾਣਕਾਰੀ ਅਤੇ ਧਾਰਣਾ ਨੂੰ ਪੇਸ਼ ਕੀਤਾ ਗਿਆ ਹੈ। ਇਸ ਸੈਂਪਲ ਸਰਵੇ ਵਿੱਚ ਕੋਸ਼ਿਸ਼ ਕੀਤੀ ਗਈ ਸੀ ਕੇ ਸ਼ਹਿਰ ਦੇ ਹਰ ਵਰਗ ਨੂੰ ਨੁਮਾਇੰਦਗੀ ਮਿਲੇ। ਇਸ ਖੋਜ ਵਿੱਚ ਪੰਜ ਸ਼ਹਿਰ ਗੁਰਦਾ-ਸਪੁਰ, ਜਲੰਧਰ, ਲੁਧਿਆਣਾ, ਬਠਿੰਡਾ ਅਤੇ ਫਰੀਦਕੋਟ ਲਈ ਗਏ ਸੀ ਤੇ ਪਹਿਲੇ ਤਿੰਨ ਸ਼ਹਿਰਾਂ ਵਿੱਚ ਘਰੇਲੂ ਵਰਤੋਂ ਲਈ ਟਿਊਬਵੈੱਲਾਂ ਦਾ ਪਾਣੀ ਵਰਤਿਆ ਜਾਂਦਾ ਹੈ ਅਤੇ ਬਠਿੰਡਾ ਅਤੇ ਫਰੀਦਕੋਟ ਵਿੱਚ ਪੀਣ ਲਈ ਨਹਿਰੀ ਪਾਣੀ ਅਤੇ ਬਾਕੀ ਕੰਮਾਂ ਲਈ ਟਿਊਬਵੈੱਲਾਂ ਦਾ ਪਾਣੀ। ਖੋਜ ਦੇ ਨਤੀਜੇ ਹੇਠ ਪ੍ਰਕਾਰ ਹਨ ।

ਪਾਣੀ ਸਬੰਧੀ ਜਾਣਕਾਰੀ : ਪਾਣੀ ਦੀ ਉਪਲੱਬਤਾਂ ਅਤੇ ਵਰਤੋਂ ਸਬੰਧੀ ਜਾਣਕਾਰੀ ਪੜ੍ਹਾਈ, ਆਮਦਨ ਅਤੇ ਉਮਰ ਨਾਲ ਸਬੰਧਤ ਹੈ। ਜਿਹੜੇ ਲੋਕ ਪੜ੍ਹੇ ਲਿਖੇ ਹਨ ਅਤੇ ਜਿਨ੍ਹਾਂ ਦੀ ਆਮਦਨ ਜ਼ਿਆਦਾ ਹੈ ਉਹਨਾਂ ਨੂੰ ਪਾਣੀ ਦੀਆਂ ਸਮੱਸਿਆਵਾਂ ਬਾਰੇ ਭੀ ਜ਼ਿਆਦਾ ਜਾਣਕਾਰੀ ਹੈ ਪਰ ਉਮਰ ਨਾਲ ਇਸ ਦਾ ਸਬੰਧ ਉਲਟਾ ਹੈ। ਯਾਨੀ ਵਡੇਰੀ ਉਮਰ ਦੇ ਲੋਕਾਂ ਨੂੰ ਜਾਣਕਾਰੀ ਘੱਟ ਹੈ ਬਨਿਸਬਤ ਛੋਟੀ ਉਮਰ ਵਾਲਿਆਂ ਦੇ। ਪਾਣੀ ਦੀ ਗੁਣਵੱਤਾ ਬਾਰੇ ਆਮ ਲੋਕਾਂ ਦੀ ਰਾਏ ਹੈ ਕਿ ਬਹੁਤ ਚੰਗਾ 10 ਪ੍ਰਤੀਸ਼ਤ, ਚੰਗਾ 28 ਪ੍ਰਤੀਸ਼ਤ ਦਰ-ਮਿਆਨਾ 36 ਪ੍ਰਤੀਸ਼ਤ ਅਤੇ ਮਾੜਾ 23 ਪ੍ਰਤੀਸ਼ਤ ਔਸਤਨ 70 ਪ੍ਰਤੀਸ਼ਤ ਲੋਕ ਜਾਣਦੇ ਹਨ ਕਿ ਆਉਣ ਵਾਲੇ ਸਮੇਂ ਵਿੱਚ ਪਾਣੀ ਦੀ ਉਪਲੱਬਧਤਾ ਘਟੇਗੀ ਅਤੇ ਤੰਗੀ ਆਵੇਗੀ। 82 ਪ੍ਰਤੀਸ਼ਤ ਲੋਕਾਂ ਦੀ ਰਾਏ ਹੈ ਕੇ ਕਾਰਾਂ ਅਤੇ ਵਿਹੜੇ ਪਾਈਪ ਲਾ ਕੇ ਧੋਣੇ ਬੰਦ ਕੀਤੇ ਜਾਣੇ ਚਾਹੀਦੇ ਹਨ ।

ਪਾਣੀ ਦੀ ਵਰਤੋਂ: ਸਾਰੇ ਸ਼ਹਿਰਾਂ ਵਿੱਚ ਔਸਤ 69 ਪ੍ਰਤੀਸ਼ਤ ਘਰ ਕਮੇਟੀ ਦੀ ਟੂਟੀ ਦਾ ਪਾਣੀ ਵਰਤਦੇ ਹਨ । 45 ਪ੍ਰਤੀਸ਼ਤ ਸਬਮਰਸੀਬਲ ਮੋਟਰ ਦਾ, 30 ਪ੍ਰਤੀਸ਼ਤ ਨਲਕੇ ਦਾ ਅਤੇ 7 ਪ੍ਰਤੀਸ਼ਤ ਬੰਦ ਬੋਤਲ ਦਾ। ਕੁੱਝ ਲੋਕਾਂ ਨੇ ਦੋ ਸਰੋਤ ਰੱਖੇ ਹਨ-ਕਾਰਪੋਰੇਸ਼ਨ ਸਪਲਾਈ ਭੀ ਅਤੇ ਆਪਣਾ ਪਾਣੀ ਭੀ । ਯਾਨੀ ਕੇ ਸਬਮਰਸੀਬਲ ਜਾਂ ਨਲਕਾ ਭੀ ਘਰ ਲੱਗਿਆ ਹੈ। ਜਿਹੜੇ ਲੋਕ ਛੋਟੇ ਘਰਾਂ ਵਿੱਚ ਰਹਿੰਦੇ ਹਨ ਉਹ ਪ੍ਰਤੀ ਜੀਅ ਪ੍ਰਤੀ ਦਿਨ 101 ਲਿਟਰ ਪਾਣੀ, ਦਰਮਿਆਨੇ ਘਰ ਵਾਲੇ 123 ਲਿਟਰ ਅਤੇ ਵੱਡੇ ਘਰਾਂ ਵਾਲੇ 126 ਲਿਟਰ ਪ੍ਰਤੀ ਜੀਅ ਪ੍ਰਤੀ ਦਿਨ ਪਾਣੀ ਵਰਤਦੇ ਹਨ। ਸਾਰੇ ਸ਼ਹਿਰਾਂ ਦੇ ਔਸਤ ਪਾਣੀ ਦੀ ਖਪਤ ਗਰਮੀਆਂ ਵਿੱਚ 134 ਲਿਟਰ ਅਤੇ ਸਰਦੀਆਂ ਵਿੱਚ 99 ਲਿਟਰ ਪ੍ਰਤੀ ਜੀਅ ਪ੍ਰਤੀ ਦਿਨ ਹੁੰਦੀ ਹੈ। ਇਸ ਵਿੱਚੋਂ ਪੀਣ ਅਤੇ ਖਾਣਾਂ ਬਣਾਉਣ ਬਰਤਨ ਸਾਫ ਕਰਨਲਈ 24 ਪ੍ਰਤੀਸ਼ਤ, ਨਹਾਉਣ ਲਈ 30 ਪ੍ਰਤੀਸ਼ਤ, ਕੱਪੜੇ ਧੋਣ ਲਈ 30 ਪ੍ਰਤੀਸ਼ਤ, ਗੱਡੀਆਂ ਧੋਣ ਲਈ 7 ਪ੍ਰਤੀਸ਼ਤ, ਬੂਟਿਆਂ ਨੂੰ ਪਾਣੀ ਦੇਣ ਲਈ 8 ਪ੍ਰਤੀਸ਼ਤ ਅਤੇ ਪਾਲਤੂ ਜਾਨਵਰਾਂ ਲਈ ਇੱਕ ਪ੍ਰਤੀਸ਼ਤ ਪਾਣੀ ਵਰਤਿਆ ਜਾਂਦਾ ਹੈ ਇਸ ਵਿੱਚ ਡੇਅਰੀਆਂ ਦੇ ਅੰਕੜੇ ਸ਼ਾਮਲ ਨਹੀਂ ਹਨ।

ਪਾਣੀ ਦੀ ਬਰਬਾਦੀ :ਸਾਰੇ ਸ਼ਹਿਰਾਂ ਵਿੱਚ ਹੀ ਪਾਣੀ ਦੀ ਸਪਲਾਈ ਸਮੇਂ ਦੀ ਪਾਬੰਦੀ ਨਾਲ ਦਿੱਤੀ ਜਾਂਦੀ ਹੈ। ਪਾਣੀ ਦਾ ਪਰੈਸ਼ਰ ਇਹਨਾ ਥੋੜ੍ਹਾ ਹੁੰਦਾ ਹੈ ਕੇ ਟੈਂਕੀ ਵਿੱਚ ਪਾਣੀ ਪਾਉਣ ਲਈ ਮੋਟਰ ਚਲਾਉਣੀ ਪੈਂਦੀ ਹੈ। ਨਤੀਜਾ ਇਹ ਕੇ ਜਿਹੜੇ ਘਰ ਨੀਵੇਂ ਥਾਵਾਂ ਤੇ ਹਨ ਜਾਂ ਟਿਊਬਵੈਲਾਂ ਦੇ ਨੇੜੇ ਹਨ ਉਥੇ ਟੈਕੀਆਂ ਅਕਸਰ ਹੀ ਉਛਲ ਜਾਂਦੀਆਂ ਹਨ ਤੇ ਪਾਣੀ ਛੱਤ ਤੇ ਖਿਲਰ ਜਾਂਦਾ ਹੈ। ਛੱਤ ਗਿੱਲੀ ਨਾ ਹੋਵੇ ਇਸ ਤੋਂ ਬੱਚਣ ਲਈ ਲੋਕਾਂ ਨੇ ਉਵਰਫਲੋ ਦੀ ਪਾਈਪ ਸੀਵਰ ਸਿਸਟਮ ਨਾਲ ਹੀ ਜੁੜਵਾ ਦਿੱਤੀ ਨਤੀਜਾ ਜੇ ਮੋਟਰ ਬੰਦ ਕਰਨੀ ਭੁੱਲ ਗਏ ਤਾਂ ਪਾਣੀ ਟੈਂਕੀ ਵਿੱਚ ਦੀ ਹੋ ਕੇ ਸੀਵਰੇਜ ਵਿਚ ਵਗੀ ਜਾਂਦਾ ਹੈ । ਲੋਕਾਂ ਦਾ ਕਹਿਣਾ ਸੀ ਕੇ ਪਾਣੀ ਦੀ ਕੋਈ ਕੀਮਤ ਨਹੀਂ ਲੱਗਣੀ ਚਾਹਿਦੀ। ਪਰ ਜੇ ਪਾਣੀ ਦੀ ਕੀਮਤ ਵਸੂਲੀ ਜਾਂਦੀ ਹੈ ਤਾਂ ਖਪਤ ਘਟੂਗੀ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਸ ਵਕਤ ਪਾਣੀ ਦਾ ਬਿੱਲ ਜੋ ਵਸੂਲਿਆ ਜਾਂਦਾ ਹੈ ਉਸ ਵਿੱਚ ਪਾਣੀ ਅਤੇ ਸੀਵਰ ਦੇ ਮੈਨਟੀਨੈਂਸ ਚਾਰਜ ਹਨ, ਪਾਣੀ ਦਾ ਮੁੱਲ ਸ਼ਾਮਿਲ ਨਹੀਂ । ਜਦੋਂ ਲੋਕਾਂ ਨੂੰ ਸਵਾਲ ਕੀਤਾ ਗਿਆ ਕੇ ਜੇ ਪਾਣੀ ਦੀ ਕੀਮਤ 1/- ਰੁਪਏ ਲਿਟਰ ਹੋਵੇ ਤਾਂ 61 ਪ੍ਰਤੀਸ਼ਤ ਲੋਕਾਂ ਦਾ ਵਿਚਾਰ ਸੀ ਕੇ ਪਾਣੀ ਦੀ ਖਪਤ 38 ਪ੍ਰਤੀਸ਼ਤ ਤੱਕ ਘੱਟ ਸਕਦੀ ਹੈ। ਯਾਨੀ ਜੋ ਪਾਣੀ ਵਾਲੇ ਮੀਟਰ 1980 ਵਿੱਚ ਲੱਗੇ ਸੀ ਉਹਨਾਂ ਰਾਹੀਂ ਪਾਣੀ ਦੀ ਖਪਤ ਨਾਪੀ ਜਾਵੇ ਤੇ ਵਰਤੋਂ ਦੇ ਹਿਸਾਬ ਨਾਲ ਬਿੱਲ ਭੇਜਿਆ ਜਾਵੇ।

ਧਰਤੀ ਹੇਠਲੇ ਪਾਣੀ ਦੀ ਰੀਚਾਰਜਿੰਗ : ਇੱਕ ਸੋਚ ਸਾਨੂੰ ਦਿੱਤੀ ਗਈ ਸੀ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਲਈ ਸਰਕਾਰੀ ਇਮਾਰਤਾਂ, ਰਿਹਾਇਸ਼ੀ ਜਾਂ ਕਾਰੋਬਾਰੀ ਬਿਲਡਿੰਗਾਂ ਵਿੱਚ ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਪਾਇਆ ਜਾਵੇ। ਇਸ ਨਾਲ ਜੰਗੀ ਪੱਧਰ ਤੇ ਧਰਤੀ ਹੇਠਲੇ ਪਾਣੀ ਵਿੱਚ ਸੁਧਾਰ ਕੀਤਾ ਜਾਵੇ। ਅੱਜ ਤੋਂ ਸੱਤ ਸਾਲ ਪਹਿਲਾਂ ਕੇਂਦਰੀ ਭੂਮੀ ਜਲ ਬੋਰਡ ਨੇ ਪੰਜਾਬ ਨੂੰ 4.55 ਲੱਖ ਧਰਤੀ ਹੇਠਲੇ ਪਾਣੀ ਦੇ ਰੀਚਾਰਜ ਢਾਂਚੇ ਬਣਾਉਣ ਨੂੰ ਕਿਹਾ ਸੀ। ਪਰ ਭਾਰਤ ਦੇ ਕੰਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ ਮੁਤਾਬਕ 2020 ਤੱਕ ਸਿਰਫ 103 ਢਾਂਚੇ ਹੀ ਤਿਆਰ ਹੋਏ ਯਾਨੀ ਕੇ ਟੀਚੇ ਦਾ ਸਿਰਫ 0.02 ਪ੍ਰਤੀਸ਼ਤ ਜੇ ਇਸ ਦੀ ਪੜਚੋਲ ਕਰੀਏ ਤਾਂ 75000 ਸਰਕਾਰੀ ਇਮਾਰਤਾਂ ਵਿੱਚ ਇਹ ਢਾਂਚੇ ਇਹ ਬਣਨੇ ਚਾਹੀਦੇ ਸੀ। ਅਸਟ੍ਰੇਲੀਆ ਵਿੱਚ ਇਹ ਸਿਸਟਮ ਚੱਲ ਰਿਹਾ ਹੈ। ਉਧਰ ਸ਼ਹਿਰੀ ਲੋਕਾਂ ਨੂੰ ਵੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਲੱਖਾਂ, ਕਰੋੜਾਂ ਦਾ ਖਰਚਾ ਕਰਕੇ ਘਰ ਬਣਵਾ ਲੈਣਾ ਹੈ। ਪਰ ਕੁੱਝ ਹਜ਼ਾਰ ਰੁਪਏ ਲਾਕੇ ਇਹ ਢਾਂਚਾ ਨਹੀਂ ਬਣਵਾ ਸਕਦੇ। ਪੰਜਾਬ ਦੇ ਹਰ ਸ਼ਹਿਰ ਵਿੱਚ ਪਾਣੀ ਦੀ ਨਿਕਾਸੀ ਦੀ ਸਮੱਸਿਆ, ਮੀਂਹ ਪਿਆ ਤੇ ਸ਼ਹਿਰ ਦੀਆਂ ਸੜਕਾਂ ਤਲਾਅ ਦਾ ਰੂਪ ਲੈ ਲੈਂਦੀਆਂ ਹਨ। ਇਸ ਲਈ ਵੱਡੀਆਂ ਸੜਕਾਂ ਤੇ ਸਰਕਾਰ ਵੱਲੋਂ ਬੋਰ ਕਰ ਕੇ ਪਾਣੀ ਧਰਤੀ ਹੇਠਾ ਪਾਉਣਾ ਚਾਹੀਦਾ। ਇਸ ਨਾਲ ਪਾਣੀ ਵੀ ਰੀਚਾਰਜ ਹੋਏਗਾ ਤੇ ਨਿਕਾਸੀ ਦੀ ਸਮੱਸਿਆ ਵੀ ਹੱਲ ਹੋਏਗੀ।

ਪਾਣੀ ਦੀ ਦੁਬਾਰਾ ਵਰਤੋਂ (ਯਾਨੀ ਰੀਸਾਈਕਲਿੰਗ) : ਅੱਜ ਤਕਰੀਬਨ 69 ਪ੍ਰਤੀਸ਼ਤ ਲੋਕ ਪਾਣੀ ਦੀ ਰੀਸਾਈਕਲਿੰਗ ਬਾਰੇ ਜਾਣਦੇ ਹਨ ਅਤੇ ਉਹਨਾਂ ਨੂੰ ਪਤਾ ਹੈ ਕਿ ਵਰਤੇ ਪਾਣੀ ਨੂੰ ਸਾਫ ਕਰਕੇ ਦੁਬਾਰਾ ਵਰਤੋਂ ਵਿੱਚ ਲਿਆਉਣਾ ਭੀ ਇੱਕ ਤਰੀਕਾ ਹੈ ਪਾਣੀ ਦੀ ਬੱਚਤ ਦਾ। ਇਸ ਵਿੱਚੋਂ 88 ਪ੍ਰਤੀਸ਼ਤ ਲੋਕ ਇਸ ਦੇ ਹੱਕ ਵਿੱਚ ਹਨ ਕਿ ਸੀਵਰ ਸਿਸਟਮ ਦੀਆਂ ਦੋ ਲਾਈਨਾਂ ਬਣਾਈਆਂ ਜਾਣ। ਜਿਸ ਨਾਲ ਰਸੋਈ, ਨਹਾਉਣ ਅਤੇ ਕੱਪੜੇ ਧੋਣ ਵਾਲਾ ਪਾਣੀ ਇੱਕ ਸੀਵਰ ਲਾਈਨ ਵਿੱਚ ਜਾਵੇ ਜਿਸ ਨੂੰ ਸਾਫ਼ ਕਰਕੇ ਦੁਬਾਰਾ ਵਰਤਿਆ ਜਾ ਸਕੇ। ਇਥੋਂ ਤੱਕ ਕੇ ਲੋਕ ਇਸ ਨੂੰ ਪੌਦਿਆਂ ਨੂੰ ਪਾਣੀ ਪਾਉਣ ਲਈ, ਕਾਰਾਂ ਧੋਣ ਯਾਨੀ ਕੇ ਜਿੰਨੇ ਸ਼ਹਿਰਾਂ ਵਿੱਚ ਸਰਵਿਸ ਸਟੇਸ਼ਨ ਵਾਲੇ ਹਨ, ਕੰਨਸਟਰਕਸ਼ਨ ਚਾਹੇ ਉਹ ਸਰਕਾਰੀ ਇਮਾਰਤ ਦੀ ਹੋਵੇ ਜਾਂ ਫਿਰ ਪ੍ਰਾਈਵੇਟ ਹੋਵੇ ਉਸ ਲਈ ਰੀਸਾਈਕਲਡ ਪਾਣੀ ਦੀ ਵਰਤੋਂ ਹੋਣੀ ਚਾਹੀਦੀ ਹੈ। ਇਸ ਦੇ ਨਾਲ ਨਾਲ ਇਸ ਨੂੰ ਕਾਰਖਾਨਿਆਂ ਵਿੱਚ ਜਿਵੇਂ ਫਰਨਸਾਂ, ਬਾਈਲਰਾਂ ਵਿੱਚ ਵਰਤਿਆ ਜਾਵੇ। ਇਹ ਪਾਣੀ ਫ਼ਸਲਾਂ ਦੀ ਸਿੰਚਾਈ ਲਈ ਵੀ ਵਰਤਿਆ ਜਾ ਸਕਦਾ ਹੈ। ਪਰ ਸੋਚ ਬਦਲਣ ਦੀ ਲੋੜ ਸਰਕਾਰ ਨੂੰ ਹੈ ਜੋ ਸਮਾਰਟ ਸਿਟੀ ਤਾਂ ਬਣਾ ਰਹੀਆਂ ਹਨ ਪਰ ਕਿਤੇ ਵੀ ਉਹਨਾਂ ਦੀ ਪਲੇਨ ਵਿੱਚ ਪਾਣੀ ਸਪਲਾਈ ਤੇ ਸੀਵਰ ਦੀ ਦੂਹਰੀ ਲਾਈਨ ਲਈ ਅਜੈਂਡਾ ਨਹੀਂ ਹੈ।

ਸ਼ਹਿਰੀ ਨਿੱਜੀ ਟਿਊਬਵੈੱਲਾਂ ਦਾ ਮਸਲਾ : ਜਦੋਂ ਟਿਊਬਵੈੱਲਾਂ ਦੀ ਗੱਲ ਚੱਲਦੀ ਹੈ ਤਾਂ ਕਾਰਪੋਰੇਸ਼ਨ ਤੇ ਕਮੇਟੀ ਵੱਲੋਂ ਲਗਾਏ ਗਏ ਟਿਊਬਵੈੱਲਾਂ ਦੇ ਅੰਕੜੇ ਸਰਕਾਰ ਕੋਲ ਹਨ ਪਰ ਜਿੰਨੇ ਘਰਾਂ ਤੇ ਫੈਕਟਰੀਆਂ ਵਿੱਚ ਨਿੱਜੀ ਟਿਊਬਵੈੱਲ ਲੱਗੇ ਹਨ ਉਹਨਾਂ ਦਾ ਕੋਈ ਰਿਕਾਰਡ ਨਹੀਂ ਜਦੋਂ ਟਿਊਬਵੈੱਲਾਂ ਦਾ ਕੋਈ ਰਿਕਾਰਡ ਨਹੀਂ ਤਾਂ ਕਿੰਨਾਂ ਪਾਣੀ ਉਹ ਧਰਤੀ ਹੇਠੋਂ ਕੱਢ ਰਹੇ ਹਨ। ਇਸ ਦਾ ਕੋਈ ਅੰਕੜਾ ਹੀ ਨਹੀਂ। ਹਾਲਾਂਕੇ ਖੇਤੀ ਖੇਤਰ ਵਿੱਚ ਸਰਕਾਰ ਨੇ ਨਵੇਂ ਟਿਊਬਵੈੱਲ ਕੁਨੈਕਸ਼ਨ ਤੇ ਪਾਬੰਦੀ ਲਾਈ ਹੋਈ ਹੈ, ਪਰ ਸ਼ਹਿਰਾਂ ਵਿੱਚ ਇਸ ਤਰ੍ਹਾਂ ਦਾ ਕੋਈ ਵੀ ਸੰਕਲਪ ਨਹੀਂ ਕੀਤਾ ਗਿਆ ਕਿਉਂਕਿ ਜਿੱਥੇ ਨਵੀਆਂ ਕਲੋਨੀਆਂ ਬਣਦੀਆਂ ਹਨ ਖਾਸ ਕਰਕੇ ਜਿਹੜੀਆਂ ਅਣਅਧਿਕਾਰਤ ਬਣੀਆਂ ਹਨ। ਉਥੇ ਸਬਮਰਸੀਬਲ ਪੰਪ ਲੱਗਦੇ ਹਨ, ਜਿਹਨਾਂ ਕਲੋਨੀਆਂ ਵਿੱਚ ਵਾਟਰ ਵਰਕਸ ਦੀ ਸਪਲਾਈ ਹੈ, ਉੱਥੇ ਭੀ ਕਾਫੀ ਲੋਕਾਂ ਨੇ ਆਪਣੇ ਸਾਧਨ ਬਣਾਏ ਹਨ ।

ਪਾਣੀ ਦੀ ਸਪਲਾਈ 24 ਘੰਟੇ ਕਰਨ ਨਾਲ : ਨਵੀਂ ਮੁੰਬਈ ਮਿਉਂਸੀਪਲ ਕੌਂਸਲ ਵਿੱਚ ਪੈਂਦੇ ਸੈਟੇਲਾਈਟ ਟਾਊਨ ਬਦਲਾਪੁਰ ਦਾ ਤਜ਼ਰਬਾ-ਇਸ ਟਾਊਨ ਵਿੱਚ ਪਾਣੀ ਦੀ ਕਿੱਲਤ ਸੀ ਉਸ ਨੂੰ ਸੁਧਾਰਨ ਲਈ 24ਣ7 ਘੰਟੇ ਸਪਲਾਈ ਦਿੱਤੀ। ਇੱਕ ਤਾਂ ਪਾਣੀ ਵੇਸਟੇਜ ਘਟੀ ਕਿਉਂਕਿ ਪਹਿਲਾਂ ਕੀ ਹੁੰਦਾ ਸੀ ਕੇ ਪਾਣੀ ਸਿਰਫ ਤਿੰਨ ਘੰਟੇ ਲਈ ਆਉਂਦਾ ਸੀ ਤੇ ਲੋਕ ਪਾਣੀ ਭਰਕੇ ਰੱਖਦੇ ਸੀ। ਜਦੋਂ ਦੁਬਾਰਾ ਪਾਣੀ ਆਉਂਦਾ ਤਾਂ ਉਹ ਪਹਿਲਾ ਅਣਵਰਤਿਆ ਪਾਣੀ ਡੋਲਕੇ ਦੁਬਾਰਾ ਪਾਣੀ ਭਰਦੇ। ਦੂਸਰਾ ਉਹਨਾਂ ਨੇ ਸਾਰੀ ਸਪਲਾਈ ਲਾਈਨ ਵੀ ਚੈੱਕ ਕੀਤੀ ਤੇ ਸਾਰੀ ਲੀਕੇਜ਼ ਬੰਦ ਕੀਤੀਆਂ। ਇਹ ਚੀਜ਼ ਸਾਨੂੰ ਵੀ ਇੱਕ ਸ਼ਹਿਰ ਵਿੱਚ ਪਾਇਲਟ ਪ੍ਰੋਜੈਕਟ ਬਣਾ ਕੇ ਤਜ਼ਰਬਾ ਕਰਨਾ ਚਾਹੀਦਾ ਹੈ। ਇਸ ਨਾਲ ਲੋਕਾਂ ਨੂੰ ਪਤਾ ਹੋਊਗਾ ਕੇ ਪਾਣੀ 24 ਘੰਟੇ ਮਿਲੇਗਾ ਤੇ ਉਹ ਆਪਣੇ ਪੰਪ ਨਹੀਂ ਲਗਾਉਣਗੇ। ਦੂਸਰਾ 24 ਘੰਟੇ ਜਦੋਂ ਪਾਣੀ ਵਗਦਾ ਰਹੂਗਾ ਤਾਂ ਪਾਣੀ ਦੀ ਕੁਆਲਟੀ ਚੰਗੀ ਹੋਵੇਗੀ ਅਤੇ ਲੋਕਾਂ ਨੂੰ ਸਾਫ ਪਾਣੀ ਮਿਲੇਗਾ।

ਨਿਚੋੜ :ਬਹੁਤੇ ਲੋਕਾਂ ਨੂੰ ਪਾਣੀ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਭੀ ਹੈ ਅਤੇ ਚਿੰਤਤ ਵੀ ਹਨ ਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ ਅਤੇ ਪਾਣੀ ਦੀ ਕਿਫਾਇਤ ਦੇ ਢੰਗ ਤਰੀਕੇ ਭੀ ਜਾਣਦੇ ਹਨ । ਜੇ ਲੋੜ ਹੈ ਤਾਂ ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਦੀ ਕਿ ਪਾਣੀ ਦੀ ਰੀਚਾਰਜਿੰਗ ਅਤੇ ਰੀਸਾਇਕਲਿੰਗ ਦੋ ਅਜਿਹੇ ਢੰਗ ਤਰੀਕੇ ਹਨ ਜੋ ਸੌਖੇ ਹੀ ਅਪਨਾਏ ਜਾ ਸਕਦੇ ਹਨ।

# ਗੁਰਭਜਨ ਗਿੱਲ ਦਾ ਇਨਸਾਨੀ ਕਦਰਾਂ ਕੀਮਤਾਂ ਨਾਲ ਜੋੜਦਾ ਗ਼ਜ਼ਲ ਸੰਗ੍ਰਹਿ 'ਗੁਲਨਾਰ'

-ਜਸਪ੍ਰੀਤ ਸਿੰਘ ਬਠਿੰਡਾ-

ਤੇਰੇ ਕੋਲ ਕਿਤਾਬ ਪਈ ਹੈ, ਕਿਉਂ ਨਹੀਂ ਫੜਦਾ।
ਜਬਰ ਜ਼ੁਲਮ ਜੋ ਕੰਧ'ਤੇ ਲਿਖਿਐ, ਕਿਉਂ ਨਹੀਂ ਪੜ੍ਹਦਾ।

ਪ੍ਰੋ. ਗੁਰਭਜਨ ਸਿੰਘ ਗਿੱਲ ਦੀ ਕਿਤਾਬ ਗੁਲਨਾਰ ਗਜ਼ਲ ਸੰਗ੍ਰਿਹ ਹੈ, ਜਿਸ ਵਿੱਚ ਸ਼ਾਇਰ ਵੱਲੋਂ ਆਪਣੀਆਂ ਭਾਵਨਾਵਾਂ ਤੇ ਜਜ਼ਬਾਤ ਰਾਹੀਂ ਸਮਾਜਿਕ ਹਾਲਾਤ,ਮਨੁੱਖੀ ਸੰਵੇਦਨਾਵਾਂ, ਕਦਰਾਂ-ਕੀਮਤਾਂ, ਰਿਸ਼ਤਿਆਂ ਦੀ ਮਜਬੂਤੀ'ਤੇ ਸਾਂਝ, ਆਮ-ਖਾਸ ਵਿੱਚ ਭੇਦਭਾਵ ਅਤੇ ਮਨ ਦੇ ਅਹਿਸਾਸ ਨੂੰ ਖੂਬਸੂਰਤ ਸ਼ਾਇਰੀ ਅਤੇ ਕਾਫੀਏ-ਰਦੀਫਾਂ ਰਾਹੀਂ ਕਲਮਬੱਧ ਕੀਤਾ ਹੈ ਜੋ ਪੜਨ ਵਾਲੇ ਨੂੰ ਆਪਣੇ ਵੱਲ ਖਿੱਚਦਾ ਹੈ ਅਤੇ ਬਹੁਤ ਕੁਝ ਸਾਡੇ ਦਿਲੋ-ਦਿਮਾਗ ਵਿੱਚ ਚੱਲਣ ਲੱਗ ਪੈਂਦਾ ਹੈ।

ਉਹਨਾਂ ਦੀਆਂ ਵੱਖ ਵੱਖ ਗਜ਼ਲਾਂ ਪੜ੍ਹ ਕੇ ਸਾਨੂੰ ਏਦਾਂ ਲੱਗਦਾ ਹੈ ਜਿਵੇਂ ਕਿ ਅਸੀਂ ਉਹ ਸਭ ਕੁਝ ਦੇਖ ਸੁਣ ਰਹੇ ਹਾਂ ਜੋ ਸਾਡੇ ਲਈ ਹੀ ਉਕਰਿਆ ਗਿਆ ਹੋਵੇ ਅਤੇ ਸਾਨੂੰ ਮਨੁੱਖੀ ਰਿਸ਼ਤਿਆਂ ਅਤੇ ਅਸਲ ਜ਼ਿੰਦਗੀ ਦੇ ਨੈਤਿਕ ਗੁਣਾਂ 'ਤੇ ਸਦਾਚਾਰਕਤਾ ਨਾਲ ਜੋੜ ਰਹੀ ਹੋਵੇ। ਇਹ ਕਿਤਾਬ ਵਿਸ਼ੇਸ਼ ਕਰ ਕੇ ਸਾਡੇ ਪੰਜਾਬ ਸੂਬੇ ਦੇ ਲੋਕਾਂ, ਇੱਥੋਂ ਦੇ ਹਾਲਾਤਾਂ, ਨਸ਼ੇ/ਹਿੰਸਾ ਆਦਿ ਵਰਗੀਆਂ ਗੰਭੀਰ ਸਮੱਸਿਆਵਾਂ ਬਾਰੇ ਸੋਚਣ ਲਈ ਸਾਨੂੰ ਮਜਬੂਰ ਕਰਦੀ ਹੈ। ਏਨਾ ਹੀ ਨਹੀਂ, ਗੁਲਨਾਰ ਸਾਨੂੰ ਅਮੀਰ ਵਿਰਸੇ ਅਤੇ ਗੁਰੂਆਂ-ਪੀਰਾਂ ਦੀ ਦਿੱਤੀ ਗਈ ਅਮੀਰ ਅਧਿਆਤਮਕ 'ਤੇ ਸ਼ਬਦ ਪੂੰਜੀ ਨਾਲ ਵੀ ਜੋੜਦੀ ਹੈ। ਜਿਵੇਂ ਇਸ ਕਿਤਾਬ ਵਿੱਚੋ ਇਹ ਸ਼ੇਅਰ-

ਕਦੇ ਨਸ਼ਿਆਂ ਦੀ ਮਾਰ, ਕਦੇ ਹੱਥ ਹਥਿਆਰ
ਓਥੇ ਏਹੀ ਕੁਝ ਹੋਊ, ਜਿੱਥੋਂ ਖੁੱਸ ਗਈ ਕਿਤਾਬ।

ਇਸ ਸ਼ਿਅਰ ਰਾਹੀਂ ਜਿੱਥੇ ਕਿ ਪ੍ਰਤੀਕਾਤਮਕ ਰੂਪ ਵਿੱਚ ਸ਼ਾਇਰ ਵੱਲੋਂ ਪੰਜਾਬ ਦੀਆਂ ਵੱਡੀਆਂ ਸਮੱਸਿਆਵਾਂ, ਗੈਂਗਵਾਰ ਅਤੇ ਨਸ਼ਿਆਂ ਦੇ ਮੁੱਦੇ ਵੱਲ ਸਾਡਾ ਧਿਆਨ ਲਿਆਂਦਾ ਹੈ, ਉੱਥੇ ਹੀ ਗੁਰਭਜਨ ਗਿੱਲ ਵੱਲੋਂ ਇਸਦਾ ਹੱਲ ਅਤੇ ਇਸ ਪਿੱਛੇ ਲੁਕੇ ਕਾਰਨਾਂ ਨੂੰ ਵੀ ਉਜਾਗਰ ਕੀਤਾ ਗਿਆ ਹੈ। ਉਹ ਸਾਫ਼ ਕਹਿੰਦਾ ਹੈ ਕਿ ਸ਼ਬਦ ਅਤੇ ਕਿਤਾਬ ਤੋਂ ਟੁੱਟਣਾ ਹੀ ਪੰਜਾਬ ਦੀ ਸਰਬ ਪੱਖੀ ਗਿਰਾਵਟ ਦਾ ਅਸਲ ਕਾਰਨ ਹੈ।

ਏਨਾ ਹੀ ਨਹੀਂ ਆਪਣੇ ਪੁਰਾਣੇ ਸ਼ਿਅਰਾਂ ਅਤੇ ਨਜ਼ਮਾਂ ਦੀ ਤਰਾਂ ਗੁਰਭਜਨ ਗਿੱਲ ਵੱਲੋਂ ਇਸ ਕਿਤਾਬ ਦੀਆਂ ਵੱਖ ਵੱਖ ਗਜ਼ਲਾਂ ਰਾਹੀਂ ਵੀ ਊੜਾ ਅਤੇ ਜੂੜਾ ਦੋਵੇਂ ਸਾਂਭਣ ਦੀ ਗੱਲ ਆਖੀ ਗਈ ਹੈ ਅਤੇ ਬਾਰ ਬਾਰ ਸਾਨੂੰ ਸਾਡੀ ਬੋਲੀ ਅਤੇ ਵਿਰਸੇ ਨਾਲ ਜੁੜਨ ਦਾ ਸਪਸ਼ਟ ਇਸ਼ਾਰਾ ਕੀਤਾ ਗਿਆ ਹੈ।

ਸਾਨੂੰ ਸਾਡੀ ਵਿਰਾਸਤ, ਕਿਤਾਬ ਨਾਲ ਜੋੜਨ ਲਈ ਗੁਰਭਜਨ ਗਿੱਲ ਵੱਲੋਂ ਬਾਰ ਬਾਰ ਆਪਣੀਆਂ ਗਜ਼ਲਾਂ ਤੇ ਸ਼ਿਅਰਾਂ ਰਾਹੀਂ ਸਾਡਾ ਧਿਆਨ ਖਿੱਚ ਕੇ ਸਾਨੂੰ ਨੈਤਿਕ ਰਾਹਾਂ 'ਤੇ ਚੱਲਣ ਲਈ ਖਿੱਚਿਆ ਹੈ। ਜਿਸਦਾ ਜ਼ਿਕਰ ਉਨ੍ਹਾਂ ਵੱਲੋਂ ਹੇਠ ਲਿਖੇ ਸ਼ਿਅਰ ਵਿੱਚ ਵੀ ਬਾਖੂਬੀ ਤਰੀਕੇ ਨਾਲ ਕੀਤਾ ਗਿਆ ਹੈ, ਜਿਸ ਵਿੱਚ ਉਹ ਨਾ ਕੇਵਲ ਸਾਨੂੰ ਸਹੀ ਰਾਹ ਵੱਲ ਵਾਪਿਸ ਪਰਤਣ ਲਈ ਪੁਕਾਰਦਾ ਹੈ ਬਲਕਿ ਦੁਨਿਆਵੀ ਮੋਹ ਅਤੇ ਸਹੂਲਤਾਂ ਪਾਉਣ ਦੇ ਲਾਲਚ ਵਿੱਚ ਆਪਣੇ ਮਨ ਦੇ ਗਵਾਚੇ ਚੈਨ ਅਤੇ ਫ਼ੈਲੀ ਬੇਵਸੀ ਨੂੰ ਵੀ ਕਾਗਜ਼ ਉੱਪਰ ਉਕਰਿਆ ਗਿਆ ਹੈ।

ਪੋਥੀ ਪੰਥ ਭੁਲਾ ਕੇ ਆਪਾਂ, ਤੁਰ ਪਏ ਆਂ ਜੀ ਕਿਹੜੇ ਰਾਹ,
ਮਨ ਦਾ ਪੰਛੀ ਭਟਕ ਰਿਹਾ ਹੈ, ਭਾਵੇਂ ਅੰਬਰ ਗਾਹੁੰਦਾ ਹੈ।

ਗੁਰਭਜਨ ਗਿੱਲ ਵੱਲੋਂ ਗੁਲਨਾਰ ਰਾਹੀਂ ਕੇਵਲ ਆਪਣੇ ਮਨ ਦੇ ਭਾਵ ਹੀ ਨਹੀਂ ਸਾਂਝੇ ਕੀਤੇ ਗਏ ਸਗੋਂ ਸਮਾਜਿਕ ਤਾਣੇ ਬਾਣੇ, ਆਧੁਨਿਕਤਾ ਦੇ ਦੂਰ ਪ੍ਰਭਾਵ, ਗਲੋਬਲਾਈਜੇਸ਼ਨ ਵਿੱਚ ਜਕੜੇ ਮਨੁੱਖ ਦੀਆਂ ਮਜਬੂਰੀਆਂ ਅਤੇ ਉਲਝੀ ਹੋਈ ਮਾਨਸਿਕਤਾ ਨੂੰ ਵੀ ਦ੍ਰਿਸ਼ਟਮਾਨ ਕੀਤਾ ਹੈ। ਜਿਵੇਂ ਉਨ੍ਹਾਂ ਦਾ ਸ਼ਿਅਰ ਹੈ-

ਮਾਲ ਪਲਾਜ਼ੇ, ਬਦਲੇ ਖਾਜੇ, ਕਿੱਥੋਂ ਕਿੱਧਰ ਤੁਰ ਪਏ ਆਂ,
ਮੰਡੀ ਦੇ ਵਿੱਚ ਵਿਕ ਚੱਲੇ ਹਾਂ, ਕਰਦੇ ਰੋਜ਼ ਖਰੀਦਾਂ ਨੂੰ।

ਇਸ ਤਰ੍ਹਾਂ ਉਹਨਾਂ ਵੱਲੋਂ ਦਿਖਾਇਆ ਗਿਆ ਹੈ ਕਿ ਕਿਵੇਂ ਅਸੀਂ ਸੰਸਾਰਕ ਪਦਾਰਥਾਂ ਦੇ ਲੋਭ ਵਿੱਚ ਉਲ਼ਝੇ ਉਸ ਰਾਸਤੇ ਤੇ ਚੱਲ ਪਏ ਹਾਂ ਜਿਸ ਦੀ ਸਾਨੂੰ ਜਰੂਰਤ ਨਹੀ ਸੀ ਸਗੋਂ ਮੰਡੀ ਦੀ ਲੋੜ ਸੀ। ਏਨਾ ਹੀ ਨਹੀਂ ਬਲਕਿ ਅਸੀਂ ਆਪਣਾ ਆਪ ਹੀ ਵੇਚ ਰਹੇ ਹਾਂ। ਉਨ੍ਹਾਂ ਵੱਲੋਂ ਹੋਰ ਵੀ ਕਈ ਏਦਾਂ ਦੇ ਸ਼ੇਅਰ ਲਿਖੇ ਗਏ ਹਨ ਜਿੰਨ੍ਹਾਂ ਵਿੱਚ ਉਨ੍ਹਾਂ ਆਪਣੀ ਗੱਲ ਤਾਂ ਕਹੀ ਹੀ ਹੈ ਪਰ ਨਾਲ ਨਾਲ ਵਿਸ਼ਵੀਕਰਨ ਦੀਆਂ ਚੱਲੀਆਂ ਵੱਡੀਆਂ ਸਾਜਿਸ਼ਾਂ ਰਾਹੀਂ ਲੋਕਾਂ ਵਿੱਚ ਪਈਆਂ ਵੰਡੀਆਂ ਅਤੇ ਆਪਣਿਆਂ ਦਾ ਆਪਣਿਆਂ ਤੋਂ ਹੀ ਦੂਰ ਹੋਣ ਬਾਰੇ ਵੀ ਜਕਿਰ ਕੀਤਾ ਹੈ। ਜਿਵੇਂ ਉਹ ਦੱਸਦੇ ਹਨ ਕਿ ਸ਼ਹਿਰਾਂ ਵਾਲੇ ਤਾਂ ਆਧੁਨਿਕਤਾ ਦੇ ਲਗਾਤਾਰ ਨੇੜੇ ਜਾ ਰਹੇ ਹੁੰਦੇ ਹਨ ਜਦਕਿ ਇਸਦੇ ਉਲਟ ਪੇਂਡੂ ਗਲੀਆਂ ਵਿੱਚ ਰਹਿਣ ਵਾਲੇ ਸਾਦੇ ਜਿਹੇ ਲੋਕ ਹਾਲੇ ਵੀ ਉੱਚ ਤਕਨੀਕਾਂ ਤੋਂ ਦੂਰ ਹਨ। ਇਹੋ ਭਾਵ ਉਹਨਾਂ ਵੱਲੋਂ ਆਪਣੇ ਸ਼ਿਅਰ ਰਾਹੀਂ ਦੱਸਿਆ ਹੈ ਜਿੱਥੇ ਉਨ੍ਹਾਂ ਲਿਖਿਆ ਹੈ ਕਿ ਪਿੰਡਾਂ ਵਾਲਿਆਂ ਲਈ ਵੱਡਾ ਸ਼ਹਿਰ ਚੰਡੀਗੜ੍ਹ ਹਾਲੇ ਵੀ ਦੂਰ ਹੈ, ਜਦਕਿ ਸ਼ਹਿਰਾਂ ਵਾਲਿਆਂ ਨੂੰ ਇਹ ਦੂਰੀ ਹੁਣ ਓਨੀ ਲੰਮੀ ਜਾਂ ਭਾਰੀ ਨਹੀ ਲੱਗਦੀ। ਰਿਸ਼ਤੇ ਇਨਸਾਨ ਦੇ ਲਈ ਸਭ ਤੋਂ ਵੱਧ ਅਹਿਮੀਅਤ ਰੱਖਦੇ ਹੁੰਦੇ ਹਨ। ਉਨ੍ਹਾਂ ਵਿੱਚੋਂ ਵੀ ਸਭ ਤੋਂ ਕਰੀਬ ਅਤੇ ਦਿਲ ਦੇ ਨਜ਼ਦੀਕ ਮਾਂ ਦਾ ਰਿਸ਼ਤਾ ਹੁੰਦਾ ਹੈ। ਗੁਰਭਜਨ ਗਿੱਲ ਦਾ ਵੀ ਆਪਣੀ ਮਾਂ ਨਾਲ ਬਹੁਤ ਸਨੇਹ ਸੀ ਅਤੇ ਉਹ ਬਾਰ ਬਾਰ ਆਪਣੀ ਮਾਂ ਦਾ ਜ਼ਿਕਰ ਆਪਣੀਆਂ ਗ਼ਜ਼ਲਾਂ ਵਿੱਚ ਕਰਦੇ ਹੋਏ ਪਾਠਕਾਂ ਨੂੰ ਮਾਂ-ਪੁੱਤ ਦੇ ਰਿਸ਼ਤੇ ਨਾਲ ਜੋੜਦਾ ਹੈ ਅਤੇ ਨਾਲ ਦੀ ਨਾਲ ਉਨ੍ਹਾਂ ਨੂੰ ਇਸ ਨਿੱਘੇ ਰਿਸ਼ਤੇ ਦਾ ਖਾਸ ਧਿਆਨ ਰੱਖਣ ਲਈ ਵੀ ਪ੍ਰੇਰਦਾ ਹੈ।

ਉਨ੍ਹਾਂ ਦੀ ਗਜ਼ਲ ਜਿਸ ਵਿੱਚੋਂ ਇਹ ਸ਼ਿਅਰ ਪੜ੍ਹੋ।

ਮਾਂ ਦੇ ਹੁੰਦਿਆਂ, ਇੱਟ ਖੜਿੱਕਾ ਚੱਲਦਾ ਸੀ,
ਹੁਣ ਨਹੀਂ ਹੁੰਦਾ ਕਿਸੇ ਨਾਲ ਤਕਰਾਰ ਮਿਰਾ।

ਇਸ ਗ਼ਜ਼ਲ ਰਾਹੀਂ ਜਿੱਥੇ ਗੁਰਭਜਨ ਗਿੱਲ ਵੱਲੋਂ ਰਿਸ਼ਤਿਆਂ ਦੀ ਮਹਿਕ ਬਿਖੇਰੀ ਗਈ ਹੈ, ਉੱਥੇ ਹੀ ਇਨ੍ਹਾਂ ਦੀ ਸੰਭਾਲ ਲਈ ਵੀ ਸਾਨੂੰ ਚੌਕਸ ਕੀਤਾ ਗਿਆ ਹੈ। ਏਨਾ ਹੀ ਨਹੀ ਬਲਕਿ ਇਹ ਪੂਰੀ ਗਜ਼ਲ ਅਤੇ ਹੋਰ ਵੀ ਕਈ ਗਜ਼ਲਾਂ ਤੇ ਉਨ੍ਹਾਂ ਦੇ ਸ਼ੇਅਰਾਂ ਰਾਹੀਂ ਸਾਨੂੰ ਰਿਸ਼ਤਿਆਂ ਦੀ ਕੋਮਲਤਾ ਅਤੇ ਉਨ੍ਹਾਂ ਦੀ ਜਿੰਮੇਵਾਰੀ ਦੇ ਨਾਲ ਜੋੜਿਆ ਹੈ ਜੋਕਿ ਬਹੁਤ ਹੀ ਜਿੰਮੇਵਾਰਾਨਾ ਗਜ਼ਲਕਾਰੀ ਹੈ।

ਆਪਣੀ ਧਰਤੀ ਨਾਦ ਪੁਸਤਕ ਵਿੱਚ "ਮਾਏ ਨੀ ਇੱਕ ਲੋਰੀ ਦੇਦੇ, ਦੇ ਬਾਬਲ ਤੋਂ ਚੋਰੀ ਨੀ ਇੱਕ ਲੋਰੀ ਦੇਦੇ" ਗੀਤ ਰਾਹੀਂ ਗੁਰਭਜਨ ਗਿਲ ਵੱਲੋਂ ਪੁੱਤਰ ਹੋਣ ਦੀ ਲਾਲਸਾ ਅਤੇ ਸਮਾਜਿਕ ਤਾਣੇ ਬਾਣੇ ਦੀ ਗੰਧਲੀ ਤਸਵੀਰ ਨੂੰ ਸਾਹਮਣੇ ਲਿਆਂਦਾ ਗਿਆ ਸੀ, ਉੱਥੇ ਹੀ ਕਿਤਾਬ ਗੁਲਨਾਰ ਰਾਹੀਂ ਵੀ ਇਸ ਸਮਾਜਿਕ ਬੁਰਾਈ ਅਤੇ ਪੁੱਤਰ ਦੇ ਮੁਕਾਬਲੇ ਧੀ ਨਾਲ ਹੁੰਦੇ ਵਿਤਕਰੇ ਨੂੰ ਵੀ ਜੱਗ ਜ਼ਾਹਿਰ ਕੀਤਾ ਗਿਆ। ਉਨ੍ਹਾਂ ਦੇ ਬਹੁਤ ਸਾਰੇ ਸ਼ਿਅਰਾਂ ਵਿੱਚ ਅਜਿਹੀ ਭਾਵਨਾ ਸਾਫ਼ ਝਲਕਦੀ ਹੈ। ਉਨ੍ਹਾਂ ਵਿੱਚੋਂ ਹੀ ਇਹ ਸ਼ਿਅਰ ਹੈ ਜੋ ਸਾਨੂੰ ਸਮਾਜ ਵਿੱਚ ਸ਼ਰੇਆਮ ਹੋ ਰਹੇ ਲਿੰਗ ਭੇਦਭਾਵ ਦੇ ਦੁੱਖ ਨੂੰ ਪੇਸ਼ ਕਰਦਾ ਹੈ-

ਧੀਆਂ ਨੂੰ ਧਨ ਆਖਣ ਵਾਲਿਓ, ਇਸ ਗੱਲ ਦਾ ਵੀ ਕਰੋ ਨਿਤਾਰਾ,
ਮੇਰਾ ਬਾਪੂ ਨਿੰਮੋਝੂਣਾ, ਪੁੱਤ ਵਾਲਾ ਬਲਵਾਨ ਕਿਉਂ ਹੈ?

21ਵੀਂ ਸਦੀ ਦੇ ਤੇਜ਼ ਰਫਤਾਰ ਯੁੱਗ ਵਿੱਚ ਨਾ ਕੋਈ ਹੋਰ ਬਲਕਿ ਇਨਸਾਨ ਹੀ ਖੁਦ ਦਾ ਦੁਸ਼ਮਣ ਬਣ ਬੈਠਾ ਹੈ। ਜਿਸ ਵੱਲੋਂ ਦੁਨੀਆਂ ਦੀਆਂ ਅੱਗੇ ਵਧਣ ਦੀਆਂ ਨੀਤੀਆਂ ਵਿੱਚ ਉੱਤਰਦੇ ਹੋਏ ਆਪਣੇ ਆਪ ਨੂੰ ਗੁਆ ਕੇ ਮੰਡੀ ਵਿੱਚ ਖੜ੍ਹਾ ਕਰ ਲਿਆ ਗਿਆ ਹੈ। ਲੇਖਕ ਅਜਿਹੇ ਭਾਵਾਂ ਨੂੰ ਵੀ ਬਾਰ ਬਾਰ ਦ੍ਰਿਸ਼ਟਮਾਨ ਕਰਦਾ ਹੋਇਆ ਲਿਖਦਾ ਹੈ ਜਿਵੇਂ ਕਿ-

ਚੱਲ ਓ ਭਰਾਵਾ ਪਹਿਲਾਂ ਓਸ ਨੂੰ ਹੀ ਮਾਰੀਏ,
ਤੇਰੇ ਮੇਰੇ ਮਨ ਵਿਚ ਬੈਠਾ ਜਿਹੜਾ ਚੋਰ ਹੈ।

ਆਧੁਨਿਕਤਾ ਦਾ ਪ੍ਰਭਾਵ ਅਤੇ ਦੇਸ਼ ਛੱਡਣ ਦੀ ਪ੍ਰਵਿਰਤੀ ਸਾਡੇ ਮਨਾਂ ਵਿੱਚ ਘਰ ਕਰ ਗਈ ਹੈ। ਹਾਲਾਤ ਇੱਥੋਂ ਤੱਕ ਪਹੁੰਚ ਗਏ ਹਨ ਕਿ ਅੱਜ ਪਿੰਡਾਂ ਸ਼ਹਿਰਾਂ ਵਿੱਚੋਂ ਕੋਈ ਹੀ ਪਰਿਵਾਰ ਐਸਾ ਮਿਲਦਾ ਹੈ, ਜਿਸਦਾ ਕੋਈ ਪਰਿਵਾਰਕ ਮੈਂਬਰ ਕਿਸੇ ਵਿਦੇਸ਼ੀ ਧਰਤੀ ਤੇ ਰੋਜ਼ੀ ਰੋਟੀ ਜਾਂ ਆਪਣੇ ਸੁਪਨਿਆਂ ਦੀ ਉਡਾਰੀ ਭਰਨ ਲਈ ਨਾ ਗਿਆ ਹੋਵੇ।

ਇਸ ਹੋੜ ਨੂੰ ਲਿਖਦਿਆਂ ਗੁਰਭਜਨ ਗਿੱਲ ਕਹਿੰਦਾ ਹੈ ਕਿ

ਵਤਨ ਮੇਰੇ ਵਿੱਚ ਧੀਆਂ ਪੁੱਤਰ ਇੱਕ ਵੀ ਰਹਿਣਾ ਚਾਹੁੰਦਾ ਨਹੀਂ,
ਕਿਹੜਾ ਕਹਿੰਦੈ ਸੋਨ ਚਿੜੀ ਨੂੰ, ਹੋਈ ਇਹ ਬਰਬਾਦ ਨਹੀਂ।

ਰਾਜਨੀਤੀ ਨਾ ਕੇਵਲ ਸਾਡੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੀ ਹੈ ਬਲਕਿ ਇਹ ਸਾਡੀ ਜ਼ਿੰਦਗੀ ਜਿਉਣ ਦੇ ਢੰਗ ਤੋਂ ਲੈ ਕੇ ਨਿਯਮਾਂ ਤੇ ਕਾਨੂੰਨ ਦਾ ਵੀ ਬਦਲਵਾਂ ਮੁੱਢ ਬੰਨ੍ਹਦੀ ਹੈ ਜਿਸ ਨੂੰ ਅਪਣਾਉਂਦੇ ਹੋਏ ਅਸੀਂ ਆਪਣੀ ਜੀਵਨ ਸ਼ੈਲੀ ਨੂੰ ਨਾ ਚਾਹੁੰਦੇ ਹੋਏ ਵੀ ਬਦਲਣ ਲਈ ਮਜਬੂਰ ਹੁੰਦੇ ਹਾਂ।

ਗੁਰਭਜਨ ਗਿੱਲ ਵੱਲੋਂ ਗੁਲਨਾਰ ਰਾਹੀਂ ਇਸ ਦਰਦ 'ਤੇ ਸਮੱਸਿਆ ਦਾ ਵੀ ਬਾਖੂਬੀ ਵਰਨਣ ਕੀਤਾ ਗਿਆ ਹੈ ਅਤੇ ਉਹਨਾਂ ਦੇ ਸ਼ਿਅਰਾਂ ਰਾਹੀਂ ਸਾਡੇ ਦੇਸ਼ ਦੀ ਮੌਜੂਦਾ ਰਾਜਨੀਤੀ ਅਤੇ ਰਾਜਨੇਤਾਵਾਂ ਦੇ ਨਿੱਘਰੇ ਕਿਰਦਾਰ ਉੱਪਰ ਵੱਖ ਵੱਖ ਸ਼ਿਅਰਾਂ ਰਾਹੀਂ ਤਿੱਖਾ ਕਟਾਕਸ਼ ਕੱਸਿਆ ਗਿਆ ਹੈ। ਉਸ ਵੱਲੋਂ ਸਿਆਸੀ ਨੇਤਾਵਾਂ ਨੂੰ ਉਨ੍ਹਾਂ ਦੇ ਦਿਲ ਦੀ ਆਵਾਜ਼ ਸੁਣ ਕੇ ਚੰਗੇ ਕਿਰਦਾਰ ਵਿੱਚ ਵਾਪਿਸ ਪਰਤਣ ਦਾ ਸੁਨੇਹਾ ਵੀ ਦਿੱਤਾ ਗਿਆ ਹੈ। ਇਸ ਕਾਰਜ ਲਈ ਵਰਤੇ ਗਏ ਸ਼ਬਦ ਅਤੇ ਉਦਾਹਰਣਾਂ ਵੀ ਬਹੁਤ ਬਲਵਾਨ ਹਨ। ਜ਼ਾਲਮ ਮੁਗਲ ਸ਼ਾਸਕ ਔਰੰਗਜ਼ੇਬ ਤੋਂ ਵੀ ਬੇਸ਼ਰਮ ਤੇ ਢੀਠ ਦੱਸਿਆ ਹੈ।

ਔਰੰਗਜ਼ੇਬ ਉਦਾਸ ਕਬਰ ਵਿਚ, ਅੱਜ ਕੱਲ੍ਹ ਏਦਾ ਸੋਚ ਰਿਹਾ ਹੈ,
ਅੱਜ ਦੇ ਹਾਕਮ ਵਰਗਾ ਬਣਦਾ, ਮੈਂ ਖ਼ਤ ਪੜ੍ਹ ਕੇ ਕਿਉਂ ਮਰਨਾ ਸੀ।

ਇਸ ਸ਼ਿਅਰ ਤੋਂ ਇਲਾਵਾ ਉਸ ਵੱਲੋਂ ਬਾਰ ਬਾਰ ਹੋਰ ਸ਼ਿਅਰਾਂ ਰਾਹੀਂ ਵੀ ਸਿਆਸਤ ਦੇ ਗੰਧਲੇ ਮਿਆਰ ਅਤੇ ਆਮ ਲੋਕਾਈ ਅਤੇ ਖਾਸ ਕਰ ਗਰੀਬ 'ਤੇ ਮਜਬੂਰ ਵਰਗ ਦੇ ਦਰਦ ਦੀ ਗੱਲ ਵੀ ਕੀਤੀ ਗਈ ਹੈ।

ਗੁਰਭਜਨ ਗਿੱਲ ਵੱਲੋਂ ਇਸੇ ਹੀ ਭਾਵਨਾ ਨਾਲ ਹੋਰ ਥਾਂ ਲਿਖਿਆ ਗਿਆ ਹੈ ਜਿਸ ਤੋਂ ਸਾਨੂੰ ਉਨ੍ਹਾਂ ਦੇ ਸਮਾਜ ਬਾਰੇ ਫਿਕਰ ਅਤੇ ਗਾਇਬ ਹੋ ਰਹੀਆਂ ਨੈਤਿਕ ਕੀਮਤਾਂ ਦੀ ਪੀੜ ਦਾ ਪਤਾ ਲੱਗਦਾ ਹੈ।

ਅੰਨ੍ਹੇ ਗੁੰਗੇ ਬੋਲ਼ੇ ਹੋ ਗਏ ਕੁਰਸੀਆਂ ਵਾਲੇ,
ਸੁਣਦੇ ਨਾ ਫ਼ਰਿਆਦ ਭਲਾ ਜੀ, ਕਿਸ ਨੂੰ ਕਹੀਏ।

ਗਜ਼ਲਾਂ ਦੇ ਸ਼ਿਅਰਾਂ ਰਾਹੀਂ ਉਨ੍ਹਾਂ ਵੱਲੋਂ ਰਿਸ਼ਤਿਆਂ ਦੌਰਾਨ ਪੈ ਰਹੀਆਂ ਦਰਾਰਾਂ, ਮਨੁੱਖਾਂ ਦਾ ਆਪਣੀ ਜ਼ੰਮੇਵਾਰੀ ਤੋਂ ਭੱਜਣਾ ਜਾਂ ਆਪਣੀਆਂ ਜਾਂਗਲੀ ਰੀਝਾਂ ਦੇ ਚੱਲਦਿਆਂ ਕਿਤੇ ਨਾ ਕਿਤੇ ਭਾਵਨਾਵਾਂ ਅਤੇ ਹਾਲਾਤ ਦਾ ਆਪਸੀ ਤਕਰਾਰ ਹੋ ਜਾਣਾ ਇਹ ਸਭ ਸਾਨੂੰ ਇਸ ਗਜ਼ਲ ਸੰਗ੍ਰਿਹ ਵਿੱਚ ਬਾ ਖੂਬੀ ਪੜ੍ਹਨ ਨੂੰ ਮਿਲਦਾ ਹੈ।

ਇਸ ਸਭ ਵਿਚਾਲੇ ਸਮੱਸਿਆ ਇਹ ਵੀ ਹੈ ਕਿ ਨੈਤਿਕਤਾ ਦਾ ਮਿਆਰ ਏਨਾ ਪ੍ਰਭਾਵਿਤ ਹੋ ਗਿਆ ਹੈ ਕਿ ਅਸੀਂ ਆਪਣੇ ਰਿਸ਼ਤਿਆਂ ਤੋਂ ਹੀ ਦੂਰ ਹੋ ਚੱਲੇ ਹਾਂ। ਕਿਤੇ ਨਾ ਕਿਤੇ ਅਸੀਂ ਇਸ ਮਾਇਆਜਾਲ ਵਿੱਚੋਂ ਨਿਕਲਣ ਦੇ ਅਸਮਰੱਥ ਵੀ ਹੋ ਗਏ ਹਾਂ। ਅਜਿਹੀ ਹੀ ਭਾਵਨਾ ਉਨ੍ਹਾਂ ਵੱਲੋਂ ਹੇਠ ਲਿਖੇ ਸ਼ਿਅਰ ਵਿੱਚ ਦਰਸਾਈ ਗਈ ਹੈ-

ਕਿਸ ਨਸਲ ਦੇ ਸਾਕ ਸਹੇੜੇ, ਬਣੇ ਵਿਕਾਊ ਖੁਸ਼ੀਆਂ ਖੇੜੇ,
ਮੰਡੀ ਬੈਠੇ ਰਿਸ਼ਤੇ ਨਾਤੇ, ਪਥਰਾਈ ਔਕਾਤ ਕਿਉਂ ਹੈ।

ਲੋਭ ਲਾਲਚ ਵਿੱਚ ਫਸਿਆ ਮਨੁੱਖ ਨਾ ਕੇਵਲ ਆਪਣੀ ਜ਼ਿੰਦਗੀ ਜਾਂ ਆਪਣੇ ਪਿਆਰਿਆਂ ਲਈ ਉਲਝਣ ਬਣਦਾ ਹੈ। ਸਗੋਂ ਉਹ ਇਸ ਦੌਰਾਨ ਕੁਦਰਤੀ ਸਰੋਤਾਂ ਅਤੇ ਕੁਦਰਤ ਦੀਆਂ ਬਖ਼ਸ਼ੀਆਂ ਦਾਤਾਂ ਦਾ ਵੀ ਮਜ਼ਾਕ ਬਣਾਉਂਦਾ ਹੋਇਆ ਇੱਕ ਮੁਸੀਬਤ ਨੂੰ ਮੁੱਲ ਲੈ ਰਿਹਾ ਹੈ।

ਗੁਰਭਜਨ ਗਿੱਲ ਵੱਲੋਂ ਇਸ ਕਿਤਾਬ ਦੇ ਅਨੇਕ ਪੰਨਿਆਂ ਤੇ ਇਸ ਮੁਸੀਬਤ ਬਾਰੇ ਵੀ ਆਪਣੀ ਚਿੰਤਾ ਨੂੰ ਪਾਠਕਾਂ ਅੱਗੇ ਰੱਖਿਆ ਹੈ। ਭਾਵੇਂ ਪੌਣ ਹੈ ਜਾਂ ਪਾਣੀ।

ਵਾਤਾਵਰਣ ਪ੍ਰਤੀ ਆਪਣੀ ਫ਼ਿਕਰਮੰਦੀ ਬਿਆਨ ਕਰਦੇ ਹੋਏ ਪਾਠਕਾਂ ਨੂੰ ਸਾਡੀ ਡਿੱਗ ਰਹੀ ਨੈਤਿਕਤਾਂ ਨੂੰ ਹਲੂਣਾ ਦਿੰਦੇ ਹੋਏ ਨਦੀਆਂ, ਦਰਿਆਵਾਂ ਦੇ ਪਾਣੀ ਦੀ ਅਵੇਸਲੀ ਅਤੇ ਗੈਰ-ਜ਼ਿੰਮੇਵਾਰਾਨਾ ਵਰਤੋਂ ਬਾਰੇ ਵੀ ਸਾਨੂੰ ਸਪਸ਼ਟ ਤੌਰ ਤੇ ਇਨ੍ਹਾਂ ਸ਼ਿਅਰਾਂ ਰਾਹੀਂ ਪਤਾ ਲੱਗਦਾ ਹੈ,

ਮਰਿਆਦਾ ਦੇ ਰਾਖੇ ਇਹ ਕੀ ਸਬਕ ਪੜ੍ਹਾਉਂਦੇ ਨਦੀਆਂ ਨੂੰ,
ਥੈਲੀ ਬਦਲੇ ਵੇਚਣਗੇ ਇਹ, ਜਲ ਵਗਦੇ ਦਰਿਆਵਾਂ ਦੇ।

ਯਕੀਨਨ ਇਹ ਫ਼ਿਕਰਮੰਦੀ ਪੂਰੀ ਤਰ੍ਹਾਂ ਵਾਜਿਬ ਹੈ। ਸਾਨੂੰ ਸੋਚਣਾ ਚਾਹੀਦਾ ਹੈ ਕਿ ਅਸੀਂ ਨਾ ਕੇਵਲ ਵੱਧ ਮੁਨਾਫ਼ਾ ਕਮਾਉਣ ਦੀ ਲਾਲਸਾ ਨਾਲ ਆਪਣੀਆਂ ਨੈਤਿਕ ਕੀਮਤਾਂ ਤੋਂ ਭੱਜਦੇ ਹਨ ਬਲਕਿ ਨਦੀਆਂ, ਦਰਿਆਵਾਂ ਦੇ ਜਲ ਜੋ ਸਾਨੂੰ ਕੁਦਰਤ ਦੀ ਦੇਣ ਹੈ ਉਸ ਨੂੰ ਵੀ ਵੇਚਣ ਜਾ ਰਹੇ ਹਾਂ ਜਦਕਿ ਸਾਡਾ ਫ਼ਰਜ਼ ਉਹਨਾਂ ਦੀ ਰਾਖੀ ਕਰਨਾ ਬਣਦਾ ਹੈ।

ਇਸਤੋਂ ਵੀ ਅੱਗੇ ਲਿਖਦਿਆਂ ਗੁਰਭਜਨ ਗਿੱਲ ਸਾਡੇ ਵੱਲੋਂ ਕੀਤੇ ਜਾ ਰਹੇ ਅਸੰਤੁਲਿਤ ਵਿਕਾਸ ਬਾਰੇ ਵੀ ਫ਼ਿਕਰਮੰਦੀ ਜ਼ਾਹਿਰ ਕਰਦਾ ਹੈ ਅਤੇ ਅਹਿਸਾਸ ਕਰਵਾਉਂਦਾ ਹੈ ਕਿ ਅਸੀਂ ਇਹ ਕਿਸ ਅੱਗੇ ਵਧਣ ਦੀ ਦੌੜ ਵਿੱਚ ਨਿਰੰਤਰ ਲੱਗੇ ਹੋਏ ਹਾਂ।

ਜਦਕਿ ਮਨਾਂ ਵਿੱਚ ਲਗਾਤਾਰ ਉਦਾਸੀ ਤੇ ਉਦਾਸੀਨਤਾ ਛਾ ਰਹੀ ਹੈ। ਸਾਨੂੰ ਦਿੱਤੇ ਗਏ ਅਸਲ ਸੁਨੇਹੇ ਅਤੇ ਕੂੜਾ ਕਚਰਾ ਸਾਫ਼ ਤੇ ਸੁੱਧਤਾ ਦਾ ਸੁਨੇਹਾ ਦੇਂਦਾ ਹੈ।

ਖ਼ੌਰੇ ਕੈਸਾ ਹੈ ਵਿਕਾਸ, ਜਿੱਥੇ ਨੱਬੇ ਨੇ ਉਦਾਸ,
ਆਖ ਘੜੀ ਮੁੜੀ ਸਾਨੂੰ ਕੂੜਾ ਗੀਤ ਨਾ ਸੁਣੌਣ।

ਸਿਰਫ਼ ਸਫਾਈ ਅਤੇ ਪਾਣੀ ਹੀ ਨਹੀਂ ਸਾਨੂੰ ਸਾਹ ਲੈਣ ਲਈ ਆਕਸੀਜ਼ਨ ਦੇਣ ਵਾਲੇ ਰੁੱਖਾਂ ਦੀ ਵੀ ਗੱਲ ਕੀਤੀ ਗਈ ਹੈ, ਜਿਸ ਰਾਹੀਂ ਉਹ ਇਨਸਾਨ ਨੂੰ ਦਰਖ਼ਤਾਂ ਦੀ ਸੰਭਾਲ ਕਰਨ ਲਈ ਪ੍ਰੇਰਦਾ ਹੈ।

ਗੁਰਭਜਨ ਗਿੱਲ ਵੱਲੋਂ ਇਸ ਕਿਤਾਬ ਵਿੱਚ ਬਾਰ ਬਾਰ ਦਰੱਖਤਾਂ ਦੀ ਸੰਭਾਲ ਦਾ ਜ਼ਿਕਰ ਕੀਤਾ ਗਿਆ ਹੈ।

ਹੇਠ ਲਿਖੀ ਗਜ਼ਲ ਦਾ ਸ਼ਿਅਰ ਹੈ ਜਿਸ ਰਾਹੀਂ ਉਸ ਧਾਰਮਿਕ ਗ੍ਰੰਥਾਂ ਵਿੱਚ ਦਰਖ਼ਤਾਂ ਦਾ ਰੁਤਬਾ ਪੀਰਾਂ ਦੇ ਬਰਾਬਰ ਹੋਣ ਦਾ ਦੱਸਦਿਆਂ ਸਾਨੂੰ ਇਹਨਾਂ ਦੀ ਬੇ ਰਹਿਮ ਕਟਾਈ ਤੋਂ ਵਰਜਿਆ ਹੈ।


ਧਰਮ ਗ੍ਰੰਥਾਂ ਵਿੱਚ ਮੰਨਦੇ ਪੀਰ ਦਰਖ਼ਤਾਂ ਨੂੰ।
ਕਾਹਨੂੰ ਚੀਰੀ ਜਾਵੇਂ ਅੱਜ ਤੂੰ ਵੀਰ ਦਰੱਖਤਾਂ ਨੂੰ।

ਕੇਵਲ ਇਹੀ ਨਹੀਂ ਇਸ ਗਜ਼ਲ ਸੰਗ੍ਰਹਿ ਵਿੱਚ ਬਾਰ ਬਾਰ ਮਨੁੱਖੀ ਕਦਰਾਂ ਕੀਮਤਾਂ, ਇਨਸਾਨੀ ਮਨੋ ਬਿਰਤੀ ਅਤੇ ਲਾਲਚ ਵੱਲ ਧਿਆਨ ਲੈ ਕੇ ਜਾਂਦੇ ਹੋਏ ਸਾਨੂੰ ਸੱਚਾਈ, ਕਿਰਤ, ਸਾਫ਼ ਦਿਲੀ ਤੇ ਹੰਕਾਰ ਰਹਿਤ ਸੋਚ ਨੂੰ ਅਪਨਾਉਣ ਲਈ ਪ੍ਰੇਰਿਆ ਹੈ।

ਗੁਲਨਾਰ ਵਿੱਚ ਬਾਰ ਬਾਰ ਗਰਜਣ, ਵਰਜਣ ਆਦਿ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ ਜੋ ਕਿ ਸਾਨੂੰ ਦੱਸਦੇ ਹਨ ਕਿ ਅਸੀਂ ਬਿਨਾ ਕਾਰਨ ਚੀਕ ਚਿਲਾ ਕੇ ਆਪਣੀ ਗੱਲ ਨੂੰ ਸਾਰਥਕ ਬਣਾਉਣ ਦੀ ਥਾਂ ਦਲੀਲ ਸਹਿਤ ਚੰਗੀ ਗੱਲ ਹੀ ਕਰੀਏ।

ਗ਼ਜ਼ਲਾਂ ਵਿੱਚ ਕਈ ਥਾਂ 1947 ਵਿੱਚ ਹੋਈ ਦੇਸ਼ ਦੀ ਵੰਡ ਅਤੇ ਖਾਸ ਕਰ ਪੰਜਾਬ ਦਾ ਦੋ ਹਿੱਸੇ ਵਿੱਚ ਪਾੜਨ ਦਾ ਦਰਦ ਸਾਹਮਣੇ ਆਉਂਦਾ ਹੈ ਜੋ ਸਾਨੂੰ ਅਜਿਹੀਆਂ ਗੰਧਲੀਆਂ ਸਿਆਸੀ ਵੰਡੀਆਂ ਤੋਂ ਬਚਣ ਲਈ ਪ੍ਰੇਰਦਾ ਹੈ।

ਇਹ ਗ਼ਜ਼ਲ ਸੰਗ੍ਰਹਿ ਸੰਗਮ ਪਬਲੀਕੇਸ਼ਨ ਸਮਾਣਾ ਨੇ ਪ੍ਰਕਾਸ਼ਿਤ ਕੀਤਾ ਹੈ। ਪੁਸਤਕ ਮੰਗਵਾਉਣ ਲਈ 98152 43917 ਨੰਬਰ ਤੇ ਅਸ਼ੋਕ ਦੀ ਨਾਲ ਸੰਪਰਕ ਕਰੋ। ਕੀਮਤ: 150/- ਪੰਨੇ 148 ਹਨ। ਇਸ ਰੀਵੀਊ ਦਾ ਹਵਾਲਾ ਦੇਣ ਤੇ ਪ੍ਰਕਾਸ਼ਕ ਕਾਫ਼ੀ ਛੋਟ ਵੀ ਦੇਣਗੇ ਡਾਕ ਰਾਹੀਂ ਮੰਗਵਾਉਣ ਤੇ।



# ਤਿਮਾਹੀ ਲੰਘ ਕੇ ਨਵੀਂ ਸਰਕਾਰ ਨਵੀਂ ਨਹੀਂ ਰਹਿੰਦੀ, ਮੁੱਦਿਆਂ ਦੇ ਹੱਲ ਉਡੀਕਦੇ ਹਨ ਲੋਕ

ਪੰਜਾਬ ਦੀ ਨਵੀਂ ਸਰਕਾਰ ਇਸ ਹਫਤੇ ਤਿੰਨ ਮਹੀਨਿਆਂ ਦੀ ਹੋ ਗਈ ਅਤੇ ਕਹਿਣ ਤੋਂ ਭਾਵ ਕਿ ਵੀਹ ਤਿਮਾਹੀਆਂ ਦੀ ਲੋਕਤੰਤਰੀ ਮਿਆਦ ਵਿੱਚੋਂ ਇੱਕ ਤਿਮਾਹੀ ਲੰਘਾ ਕੇ ਉੱਨੀ ਤਿਮਾਹੀਆਂ ਦੇ ਰਾਜ ਜੋਗੀ ਰਹਿ ਗਈ ਹੈ। ਸਮਾਂ ਜਿੰਦਾਂ ਦੀ ਤੇਜ਼ ਚਾਲ ਚੱਲਦਾ ਹੈ, ਉਸ ਦਾ ਪਤਾ ਓਦੋਂ ਨਹੀਂ ਲੱਗ ਸਕਦਾ, ਜਦੋਂ ਜਿੱਤ ਦੇ ਖੁਮਾਰ ਵਿੱਚ ਕੋਈ ਸਰਕਾਰ ਮੌਜਾਂ ਮਾਣਨ ਰੁੱਝੀ ਹੋਵੇ, ਪਤਾ ਓਦੋਂ ਲੱਗਦਾ ਹੁੰਦਾ ਹੈ, ਜਦੋਂ ਕਿੰਤੂਆਂ ਦੀ ਵਾਛੜ ਹੋਣ ਲੱਗਦੀ ਹੈ। ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਨੂੰ ਇਸ ਤਿਮਾਹੀ ਦੌਰਾਨ ਲੋਕਾਂ ਨੇ ਬਹੁਤਾ ਸਵਾਲਾਂ ਦੇ ਕਟਹਿਰੇ ਵਿੱਚ ਖੜਾ ਨਹੀਂ ਕੀਤਾ, ਸਗੋਂ ਵਿਰੋਧੀ ਧਿਰਾਂ ਦੇ ਆਗੂ ਕੋਈ ਨੁਕਤਾਚੀਨੀ ਕਰਦੇ ਸਨ ਤਾਂ ਟਾਲਣ ਲਈ ਆਮਲੋਕ ਕਹਿ ਦੇਂਦੇ ਸਨ ਕਿ ਸਰਕਾਰ ਨੂੰ ਚੱਲਣ ਤੇ ਦਿਉ, ਭੰਡੀ ਕਰਨਪਹਿਲਾਂ ਹੀ ਰੁੱਝ ਗਏ ਹੋ। ਇੱਕ ਤਿਮਾਹੀ ਲੰਘਣ ਪਿੱਛੋਂ ਹੌਲੀ-ਹੌਲੀ ਆਮ ਲੋਕਾਂ ਵੀ ਬਹੁਤ ਸਾਰੇ ਮਾਮਲਿਆਂ ਵਿੱਚ ਸਵਾਲ ਕਰਨ ਲੱਗ ਜਾਣਾ ਅਤੇ ਸਰਕਾਰ ਤੋਂ ਉਨ੍ਹਾਂ ਦੇ ਜਵਾਬਾਂ ਦੀ ਆਸ ਰੱਖਣੀ ਹੈ। ਜਵਾਬ ਦੇਣ ਵਾਸਤੇ ਸਰਕਾਰ ਦੇ ਮੰਤਰੀਆਂ ਅਤੇ ਮੀਡੀਆ ਬੁਲਾਰਿਆਂ ਦਾ ਜਵਾਬੀ ਗੋਲੇ ਦਾਗਣਾ ਆਮ ਲੋਕਾਂ ਦੀ ਤਸੱਲੀ ਨਹੀਂ ਕਰਵਾ ਸਕਦਾ, ਲੋਕਾਂ ਨੂੰ ਆਪਣੇ ਮਸਲਿਆਂ ਅਤੇ ਪਿਛਲੀਆਂ ਸਰਕਾਰਾਂ ਵੇਲੇ ਤੋਂ ਲਟਕਦੇ ਮੁੱਦਿਆਂ ਦੇ ਹੱਲ ਦੀ ਉਡੀਕ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਿਛਲੀਆਂ ਸਰਕਾਰਾਂ ਦੇ ਵਕਤ ਵਿਗਾੜ ਏਨੇ ਵੱਡੇ ਪਾਏ ਗਏ ਹਨ ਕਿ ਸਮੁੱਚੀ ਵਿਗੜੀ ਤਾਣੀ ਨੂੰ ਸੁਲਝਾਉਣ ਵਾਸਤੇ ਸਮਾਂ ਚੋਖਾ ਚਾਹੀਦਾ ਹੈ। ਬੀਤੇ ਹਫਤੇ ਦੀ ਗੱਲ ਹੈ ਕਿ ਕੋਆਪਰੇਟਿਵ ਵਿਭਾਗ ਤੋਂ ਇੱਕ ਮੈਨੇਜਰ ਘਰ ਭੇਜਣਾ ਪਿਆ ਹੈ, ਉਸ ਉੱਤੇ ਭ੍ਰਿਸ਼ਟਾਚਾਰ ਦਾ ਦੋਸ਼ ਨਹੀਂ ਸੀ, ਉਸ ਦੀ ਨੀਂਹ ਹੀ ਭ੍ਰਿਸ਼ਟਾਚਾਰ ਦੇ ਗਮਲੇ ਵਿੱਚ ਲੱਗੀ ਨਿਕਲੀ ਸੀ। ਇੱਕੀ ਸਾਲ ਪਹਿਲਾਂ ਜਦੋਂ ਅਕਾਲੀ-ਭਾਜਪਾ ਗੱਠਜੋੜ ਦੀ ਪਹਿਲੀ ਸਰਕਾਰ ਬਣੀ ਸੀ ਤਾਂ ਉਸ ਨੂੰ ਉਹ ਨੌਕਰੀ ਦਿੱਤੀ ਗਈ ਸੀ, ਜਿਸ ਦੀ ਯੋਗਤਾ ਅਖਬਾਰ ਵਿੱਚ ਦਿੱਤੇ ਇਸ਼ਤਿਹਾਰ ਵਿੱਚ ਹੋਰ ਸੀ ਤੇ ਉਸ ਬੰਦੇ ਕੋਲ ਉਹ ਨੌਕਰੀ ਲੈਣ ਜੋਗੀ ਯੋਗਤਾ ਹੀ ਨਹੀਂ ਸੀ। ਕਿਸੇ ਨੇ ਸ਼ਿਕਾਇਤ ਕਰ ਦਿੱਤੀ, ਜਾਂਚ ਸ਼ੁਰੂ ਹੋ ਗਈ ਤੇ ਜਾਂਚ ਏਨੀ ਤੇਜ਼ੀ ਨਾਲ ਚੱਲੀ ਕਿ ਪੰਜ ਸਰਕਾਰਾਂ ਬਦਲ ਗਈਆਂ, ਵਾਰ-ਵਾਰ ਇਹੋ ਸਿੱਟਾ ਨਿਕਲਿਆ ਕਿ ਨੌਕਰੀ ਦੇਣ ਵੇਲੇ ਨਿਯਮਾਂ ਦੀ ਉਲੰਘਣਾ ਹੋਈ ਹੈ, ਪਰ ਉਸ ਨੂੰ ਅਫਸਰੀ ਕੁਰਸੀ ਤੋਂ ਉਠਾਇਆ ਨਹੀਂ ਸੀ ਗਿਆ, ਕਿਉਂਕਿ ਹਰ ਵਾਰੀ ਕੋਈ ਵੱਡਾ ਬੰਦਾ ਉਸ ਦੀ ਢਾਲ ਬਣ ਜਾਂਦਾ ਰਿਹਾ ਸੀ। ਨਵੀਂ ਸਰਕਾਰ ਨੇ ਉਠਾ ਦਿੱਤਾ ਹੈ। ਇਸ ਵੇਲੇ ਪੰਜਾਬ ਯੂਨੀਵਰਸਿਟੀ ਕੇਂਦਰ ਸਰਕਾਰ ਨੂੰ ਸੌਂਪੇ ਜਾਣ ਦਾ ਮੁੱਦਾ ਭੜਕ ਰਿਹਾ ਹੈ। ਨਵੀਂ ਸਰਕਾਰ ਉੱਤੇ ਦੋਸ਼ ਲੱਗਦਾ ਹੈ ਕਿ ਉਸ ਨੇ ਇਸ ਦੇ ਵਿਰੁੱਧ ਡਟ ਕੇ ਸਟੈਂਡ ਨਹੀਂ ਲਿਆ, ਇਹ ਦੋਸ਼ ਸਿਰਫ ਤਿੰਨ ਮਹੀਨੇ ਪਹਿਲਾਂ ਬਣੀ ਸਰਕਾਰ ਉੱਤੇ ਲੱਗਾ ਹੈ, ਜਦ ਕਿ ਕੇਂਦਰ ਨੂੰ ਇਹ ਯੂਨੀਵਰਸਿਟੀ ਸੌਂਪਣ ਦੀ ਖੇਡ ਪਿਛਲੇ ਤੇਰਾਂ ਸਾਲਾਂ ਤੋਂ ਚੱਲ ਰਹੀ ਹੈ। ਡਾਕਟਰ ਮਨਮੋਹਨ ਸਿੰਘ ਦੇ



ਵਕਤਇਸ ਨੂੰ ਕੇਂਦਰ ਦੇ ਹਵਾਲੇ ਕਰਨ ਦੀ ਹਾਮੀ ਵਜੋਂ ਪੰਜਾਬ ਦੇ ਮੁੱਖ ਮੰਤਰੀ ਨੇ 26 ਅਗਸਤ 2008 ਨੂੰ ਕੇਂਦਰ ਸਰਕਾਰ ਨੂੰ ਚਿੱਠੀ ਭੇਜੀ ਸੀ ਕਿ ਪੰਜਾਬ ਸਰਕਾਰ



ਜਤਿੰਦਰ ਪੰਨੂ

ਨੂੰ ਇਸ ਉੱਤੇ ਇਤਰਾਜ਼ ਨਹੀਂ। ਜਦੋਂ ਉਸ ਚਿੱਠੀ ਉੱਤੇ ਕੁਝ ਲੋਕਾਂ ਨੇ ਇਤਰਾਜ਼ ਕੀਤਾ ਤਾਂ ਪੰਜਾਬ ਦੇ ਓਦੋਂ ਦੇਮੁੱਖ ਮੰਤਰੀ ਨੇ ਕਹਿ ਦਿੱਤਾ ਕਿ ਅਸੀਂ ਆਪਣੀ ਸਿਫਾਰਸ਼ ਵਾਪਸ ਲੈ ਲਵਾਂਗੇ, ਪਰ ਉਨ੍ਹਾਂ ਨੇ ਇਹ ਗੱਲ ਜ਼ਬਾਨੀ ਕਹੀ ਸੀ, ਅਸਲ ਵਿੱਚ ਉਹ ਚਿੱਠੀ ਵਾਪਸ ਲੈਣ ਦਾ ਕੋਈ ਰਿਕ-ਾਰਡ ਨਹੀਂ ਮਿਲਦਾ।

ਇੱਕ ਅਖਬਾਰ ਨੇ ਖਬਰ ਛਾਪੀ ਹੈ ਕਿ ਇੱਕ ਮੁੱਖ ਮੰਤਰੀ ਦੇ ਕਤਲ ਪਿੱਛੋਂ ਪੰਜਾਬ ਦੇ ਸਿਵਲ ਸੈਕਟਰੀਏਟ ਦੀ ਸਾਰੀ ਸੁਰੱਖਿਆ ਇੱਕ ਕੇਂਦਰੀ ਪੈਰਾ-ਮਿਲਟਰੀ ਫੋਰਸ ਨੂੰ ਸੌਂਪੀ ਗਈ ਸੀ। ਉਸ ਸੁਰੱਖਿਆ ਦਾ ਸਾਰਾ ਖਰਚਾ ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਨੇ ਆਪੋ-ਆਪਣੇ ਹਿੱਸੇ ਦਾ ਦੇਣਾ ਸੀ, ਹਰਿਆਣਾ ਸਰਕਾਰ ਹਰ ਸਾਲ ਦੇਂਦੀ ਰਹੀ ਤੇ ਪੰਜਾਬ ਵਾਲੇ ਜਦੋਂ ਚੋਖੀ ਮੋਟੀ ਰਕਮ ਬਣ ਜਾਂਦੀ ਸੀ ਤਾਂ ਫਿਰ ਕੁਝ ਭੁਗਤਾਨ ਕਰ ਛੱਡਦੇ ਸਨ। ਪਿਛਲੀ ਕਾਂਗਰਸ ਦੀ ਸਰਕਾਰ ਵੀ ਚੋਖਾ ਬਕਾਇਆ ਛੱਡ ਕੇ ਤੁਰ ਗਈ ਹੈ ਅਤੇ ਅੱਗੋਂ ਇਹ ਚੱਟੀ ਭਰਨ ਦੀ ਜ਼ਿਮੇਵਾਰੀ ਆਮ ਆਦਮੀ ਪਾਰਟੀ ਦੀ ਨਵੀਂ ਸਰਕਾਰ ਸਿਰ ਪੈ ਗਈ ਹੈ। ਪੰਜਾਬ ਦੀ ਇੱਕ ਸਰਕਾਰ ਨੇ ਕਰੋੜਾਂ ਰੁਪਏ ਦੇ ਬੱਜਟ ਨਾਲ ਵਿਸ਼ੇਸ਼ ਵਿਅਕਤੀਆਂ ਲਈ ਕੇਂਦਰ ਸਰਕਾਰ ਦੀ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ (ਐੱਸ ਪੀ ਜੀ) ਵਰਗੀ ਫੋਰਸ ਸਪੈਸ਼ਲ ਪ੍ਰੋਟੈਕਸ਼ਨ ਯੂਨਿਟ (ਐੱਸ ਪੀ ਯੂ) ਬਣਾ ਲਈ, ਜਿਸ ਵਿੱਚ ਪੰਜਾਬੀ ਨੌਜਵਾਨ ਘੱਟ ਅਤੇ ਉਨ੍ਹਾਂ ਨਾਲੋਂ ਦੁੱਗਣੇ ਤੋਂ ਵੱਧ ਦੂਸਰੇ ਰਾਜਾਂ ਵਾਲੇ ਭਰਤੀ ਕਰ ਲਏ, ਪਰ ਕਿਸੇ ਕਾਂਗਰਸੀ ਜਾਂ ਅਕਾਲੀ-ਭਾਜਪਾ ਸਰਕਾਰ ਇਹ ਨਾ ਸੋਚਿਆ ਕਿ ਆਪਣੇ ਸਿਵਲ ਸੈਕਟਰੀਏਟ ਵਾਸਤੇ ਪੈਰਾ ਮਿਲਟਰੀ ਦੇ ਪੱਧਰ ਵਾਲੀ ਏਦਾਂ ਦੀ ਫੋਰਸ ਬਣਾਈ ਜਾਵੇ, ਜਿਹੜੀ ਘੱਟ ਖਰਚ ਵਿੱਚ ਇਸ ਨੂੰ ਕੇਂਦਰੀ ਅਦਾਰਿਆਂ ਵਾਂਗ ਸੁਰੱਖਿਆ ਦੇ ਸਕੇ ਅਤੇ ਪੰਜਾਬ ਦੇ ਬੱਜਟ ਦਾ ਬੋਝ ਘਟਾਇਆ ਜਾਵੇ। ਰਾਜ ਸਰਕਾਰ ਦੇ ਬਹੁਤ ਸਾਰੇ ਕਮਿਸ਼ਨ, ਅਥਾਰਟੀਆਂ ਤੇ ਬੋਰਡ ਹਨ, ਇਨ੍ਹਾਂ ਵਿੱਚ ਦੋਵਾਂ ਧਿਰਾਂ ਦੀਆਂ ਸਰਕਾਰਾਂ ਦੇ ਵਕਤ ਚੋਣ ਵਿੱਚ ਹਾਰੇ ਹੋਏ ਆਪਣੇ ਬੰਦਿਆਂ ਨੂੰ ਬਿਨਾਂ ਯੋਗਤਾ ਤੋਂ ਭਰਤੀ ਕਰਨ ਦਾ ਕੰਮ ਹੋਈ ਗਿਆ ਅਤੇ ਚੱਟੀ ਲੋਕਾਂ ਦੇ ਸਿਰ ਪਾਈ ਜਾਂਦੀ ਰਹੀ ਸੀ।

ਨਵੀਂ ਸਰਕਾਰ, ਪਤਾ ਨਹੀਂ ਕਿੰਨੀ ਦੇਰ ਇਸ ਨੂੰ 'ਨਵੀਂ ਸਰਕਾਰ' ਕਹਿਣ ਪਵੇਗਾ, ਦੇ ਸਿਰ ਪਿਛਲੀਆਂ ਸਰਕਾਰਾਂ ਜਿਹੜਾ ਬੋਝ ਪਾ ਗਈਆਂ ਹਨ, ਉਹ ਸਿਰਫ ਨਿਯੁਕਤੀਆਂ ਜਾਂ ਬੱਜਟ ਦੇ ਪੱਖ ਤੋਂ ਨਹੀਂ, ਸਗੋਂ ਪ੍ਰਬੰਧਕੀ ਮਸ਼ੀਨਰੀ ਵਿੱਚ ਵੀ ਹਰ ਵਿਭਾਗ ਵਿੱਚ 'ਆਪਣਾ ਬੰਦਾ' ਫਿੱਟ ਕਰਨ ਤੱਕ ਹੋਇਆ ਹੈ। ਜਿਹੜੇ ਅਫਸਰ ਪਿਛਲੀਆਂ ਦੋਵਾਂ ਰੰਗਾਂ ਵਾਲੀਆਂ ਸਰਕਾਰਾਂ ਦੇ ਮੰਤਰੀਆਂ ਨਾਲ ਆਮ ਤੌਰ ਉੱਤੇ ਮਿਲ ਕੇ ਚੱਲਦੇ ਰਹੇ ਅਤੇ ਜਦੋਂ ਕਿਸੇ ਮੰਤਰੀ ਤੇ ਅਫਸਰ ਵਿਚਾਲੇ ਪੇਚਾ ਪੈ ਜਾਂਦਾ ਸੀ ਤਾਂ ਮੁੱਖ ਮੰਤਰੀ ਉਸ ਸੰਬੰਧਤ ਅਫਸਰ ਨੂੰ ਉਸ ਨਾਲੋਂ ਵਧੇਰੇ ਅਹਿਮ ਕੁਰਸੀ ਅਲਾਟ ਕਰ ਕੇ ਡੰਗ ਸਾਰ ਦੇਂਦੇ ਸਨ, ਉਹ ਅਫਸਰ ਨਵੀਂ ਸਰਕਾਰ ਨਾਲ ਸੁਖਾਵੇਂ ਨਹੀਂ। ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਭ੍ਰਿਸ਼ਟਾਚਾਰ ਕੇਸ ਵਿੱਚ ਜਦੋਂ ਖੁਦ ਮੁੱਖ ਮੰਤਰੀ ਭਗਵੰਤ ਮਾਨ ਨੇ ਗ੍ਰਿਫਤਾਰ ਕਰਵ-ਾਇਆ ਤਾਂ ਪੰਜਾਬ ਦੇ ਲੋਕਾਂ ਵਿੱਚ ਇਸ ਨਾਲ ਚੰਗਾ ਸੰਕੇਤ ਗਿਆ ਸੀ, ਪਰ ਅਫਸਰਾਂ ਵਿੱਚ ਓਨਾ ਹੀ ਇਸ ਤੋਂ ਉਲਟ ਇਹ ਸੰਕੇਤ ਗਿਆ ਸੀ ਕਿ ਇਸ ਸਰਕਾਰ ਤੋਂ ਬਚ ਕੇ ਚੱਲਣਾ ਹੈ ਤਾਂ ਇੱਕ ਦੂਸਰੇ ਦੇ ਪਰਦੇ ਕੱਜਣ ਲਈ ਆਪਸ ਵਿੱਚ ਮਿਲ ਕੇ ਚੱਲੀਏ। ਇਸ ਪਿੱਛੋਂ ਪੰਜਾਬ ਸਰਕਾਰ ਦੇ ਮੁੱਖ ਕੇਂਦਰ ਸਿਵਲ ਸੈਕਟਰੀਏਟ ਵਿਚਲੇ ਅਫਸਰਾਂ ਦੀ ਕਾਂਗਰਸ-ਪੱਖੀ ਲਾਬੀ ਆਪਸ ਵਿੱਚ ਤੇ ਅਕਾਲੀ-ਪੱਖੀਆਂ ਦੀ ਲਾਬੀ ਆਪਸ ਵਿੱਚ ਇਸ ਤਰ੍ਹਾਂ ਮਿਲ ਕੇ ਚੱਲਣ ਦੀਆਂ ਗੋਂਦਾਂ ਗੁੰਦ ਰਹੀ ਹੈ ਕਿ ਉਹ ਸਰਕਾਰ ਦੇ ਕੰਮ ਵਿੱਚ ਮਦਦ ਦੀ ਥਾਂ ਪਿਛਲੀਆਂ ਸਰਕਾਰਾਂ ਵਾਲੇ ਆਪਣੇ ਆਕਾਵਾਂ ਦੀ ਵਫਾਦਾਰੀ ਵੱਧ ਨਿਭਾਉਂਦੇ ਦਿਖਾਈ ਦੇ ਰਹੇ ਹਨ।

ਜਿਹੜੀਆਂ ਗੱਲਾਂ ਸਾਨੂੰ ਪੱਤਰਕਾਰਾਂ ਨੂੰ ਸੁਣਨ ਨੂੰ ਮਿਲਦੀਆਂ ਹਨ, ਸਾਰੀਆਂ ਸੱਚ ਹੋਣ ਦਾ ਯਕੀਨ ਸਾਨੂੰ ਵੀ ਕਦੇ ਨਹੀਂ ਹੋ ਸਕਦਾ, ਪਰ ਸਾਰੀਆਂ ਅਫਵਾਹ ਨਹੀਂ ਹੁੰਦੀਆਂਅਤੇ ਆਮ ਲੋਕਾਂ ਤੱਕ ਇਹ ਗੱਲਾਂ ਕਦੇ ਪਹੁੰਚਣ ਵਾਲੀਆਂ ਵੀ ਨਹੀਂ ਹੁੰਦੀਆਂ। ਵਿਰੋਧ ਕਰਨ ਲਈ ਪੰਜਾਬ ਵਿਧਾਨ ਸਭਾ ਵਿੱਚ ਮੁੱਖ ਧਿਰ ਕਾਂਗਰਸ ਪਾਰਟੀ ਦੇ ਲੀਡਰਾਂ ਨੇ ਬੀਤੇ ਹਫਤੇ ਮੁੱਖ ਮੰਤਰੀ ਦੀ ਕੋਠੀ ਅੱਗੇ ਆਪਣੇ ਇੱਕ ਪੁਰਾਣੇ ਵਜ਼ੀਰ ਸਾਥੀ ਦੇ ਸਮੱਰਥਨ ਲਈ ਧਰਨਾ ਲਾਉਣ ਵੇਲੇ 'ਸਾਡੇ ਹੱਕ, ਏਥੇ ਰੱਖ' ਦਾ ਨਾਅਰਾ ਲਾ ਕੇ ਇਹ ਪ੍ਰਭਾਵ ਦੇ ਦਿੱਤਾ ਹੈ ਕਿ ਉਹ ਆਪਣੇ ਰਾਜ ਦੀਆਂ ਬੁਰਾਈਆਂ ਨੂੰ ਵੀ ਬੁਰਾਈਆਂ ਨਾ ਮੰਨ ਕੇ ਉਨ੍ਹਾਂ ਦਾਗੀਆਂ ਦੀ ਢਾਲ ਬਣਨ ਲਈ ਹਰ ਹੱਦ ਟੱਪ ਜਾਣ ਨੂੰ ਤਿਆਰ ਹਨ।ਇਸ ਦਾ ਮਤਲਬ ਇਹ ਬਣਦਾ ਹੈ ਕਿ ਅਗਲੇ ਦਿਨਾਂ ਵਿੱਚ ਕਾਂਗਰਸੀ ਹੋਣ ਜਾਂ ਅਕਾਲੀ, ਉਹ ਇਸ ਸਰਕਾਰ ਨੂੰ ਘੇਰਨ ਲਈ ਇਹੋ ਜਿਹੇ ਮੁੱਦੇ ਚੁੱਕਣ ਲੱਗ ਜਾਣਗੇ, ਜਿਹੜੇ ਉਨ੍ਹਾਂ ਦੇ ਆਪਣੇ ਵਕਤ ਉਨ੍ਹਾਂ ਨੇ ਨਹੀਂ ਸੁਲਝਾਏ ਸਨ। ਆਮ ਆਦਮੀ ਪਾਰਟੀ ਇਹ ਨਾ ਸਮਝਦੀ ਰਹੇ ਕਿ ਇਸ ਨਾਲ ਵਿਰੋਧੀ ਧਿਰ ਵਾਲੇ ਖੁਦ ਫਸ ਜਾਣਗੇ, ਸਗੋਂ ਇਹ ਚੇਤੇ ਰੱਖੇ ਕਿ ਇੱਕ ਵਾਰੀ ਕੈਪਟਨ ਅਮਰਿੰਦਰ ਸਿੰਘ ਨੇ ਜਦੋਂ ਮੁੱਖ ਮੰਤਰੀ ਹੋਣ ਸਮੇਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਚੇਤੇ ਕਰਾਇਆ ਸੀ ਕਿ ਤੁਹਾਡੇ ਵੇਲੇ ਕੀ ਹਾਲ ਸੀ ਤਾਂ ਬਾਦਲ ਸਾਹਿਬ ਨੇ ਏਨੇ ਨਾਲ ਸਾਰ ਦਿੱਤਾ ਸੀ, ਅਸੀਂ ਤਾਂ ਗਲਤ ਸਾਂ, ਤੁਸੀਂ ਉਹ ਗਲਤੀਆਂ ਨਾ ਕਰੋ। ਉਸ ਤੋਂ ਅਗਲੇ ਦਿਨ ਅਖਬਾਰਾਂ ਵਿੱਚ ਬਾਦਲ ਦੀਆਂ ਸਿਫਤਾਂ ਕਰ ਕੇ ਅਮਰਿੰਦਰ ਸਿੰਘ ਨੂੰ ਕਿਹਾ ਗਿਆ ਸੀ ਕਿ ਬਾਦਲ ਦੀ ਨਸੀਹਤ ਮੰਨ ਕੇ ਉਸ ਨੂੰ ਲੋਕਾਂ ਦੇ ਕੰਮ ਕਰਨੇ ਚਾਹੀਦੇ ਹਨ। ਪਿਛਲੇ ਹਾਕਮਾਂ ਵੱਲ ਨਾ ਕੋਈ ਵੇਖਦਾ ਹੁੰਦਾ ਤੇ ਨਾ ਕੋਈ ਉਨ੍ਹਾਂ ਦਾ ਸਮਾਂ ਚੇਤੇ ਕਰਦਾ ਹੈ, ਲੋਕਾਂ ਨੂੰ ਮੌਕੇ ਦੀ ਸਰਕਾਰ ਨਾਲ ਮਤਲਬ ਹੁੰਦਾ ਹੈ ਕਿ ਇਹ ਲੋਕਾਂ ਦੀ ਕਚਹਿਰੀ ਵਿੱਚ ਕੀਤੇ ਵਾਅਦਿਆਂ ਉੱਤੇ ਅਮਲ ਕਰ ਕੇ ਵਿਖਾਵੇ। ਜਿਹੜੀ ਨਵੀਂ ਪਾਰਟੀ ਲੋਕਾਂ ਨੂੰ ਇਹ ਕਹਿ ਕੇ ਪੰਜਾਬ ਵਿੱਚਸਰਕਾਰਬਣਾਉਣ ਜੋਗੀ ਹੋਈ ਹੈ ਕਿ 'ਅਸੀਂ ਜਾਂਦੇ ਸਾਰ ਆਹ ਕੁਝ ਕਰ ਦਿਆਂਗੇ', ਉਸ ਤੋਂ ਆਮ ਲੋਕਾਂ ਦਾ ਇਹ ਆਸ ਰੱਖਣਾ ਫਜ਼ੂਲ ਨਹੀਂ ਕਿ 'ਜਾਂਦੇ ਸਾਰ' ਨਾ ਸਹੀ, ਤਿਮਾਹੀ ਲੰਘਣ ਪਿੱਛੋਂ ਤਾਂ ਕੁਝ ਕਰ ਕੇ ਵਿਖਾਵੇ। ਇਸ ਕਰ ਕੇ ਤਿੰਨ ਮਹੀਨੇ ਗੁਜ਼ਰਨ ਪਿੱਛੋਂ ਇਹ ਸਰਕਾਰ ਨਵੀਂ ਨਹੀਂ ਕਹੀ ਜਾਣੀ, ਇਸ ਨੂੰ ਲੋਕਾਂ ਦੇ ਮੁੱਦਿਆਂ ਦਾ ਹੱਲ ਕੱਢਣ ਵਾਸਤੇ ਤੇਜ਼ੀ ਨਾਲ ਕੰਮ ਕਰਨਾ ਪੈਣਾ ਹੈ। ਅਜੇ ਲੋਕਾਂ ਨੂੰ ਸਰਕਾਰ ਤੋਂ ਆਸਾਂ ਹਨ, ਤਦੇ ਉਹ ਅੱਖਾਂ ਚੁੱਕ ਕੇ ਅਮਲ ਦੀ ਉਡੀਕ ਕਰਦੇ ਹਨ, ਆਸ ਦਾ ਇਹ ਦੀਵਾ ਬੁਝਣਾ ਨਹੀਂ ਚਾਹੀਦਾ, ਇਹ ਗੱਲ ਸਰਕਾਰ ਨੂੰ ਯਾਦ ਰੱਖਣ ਦੀ ਲੋੜ ਹੈ।

# ਬਿਨਾਂ ਕੋਚਿੰਗ ਦੇ ਯੂਪੀਐਸਸੀ ਸਿਵਲ ਸਰਵਿਸਿਜ਼ ਪ੍ਰੀਖਿਆ ਦੀ ਤਿਆਰੀ ਕਿਵੇਂ ਕਰੀਏ?



ਯੂਪੀਐਸਸੀ ਸਿਵਲ ਸਰਵਿਸਿਜ਼ ਇਮਤਿਹਾਨ, ਜਿਸ ਨੂੰ ਇਮਤਿਹਾਨ ਵੀ ਕਿਹਾ ਜਾਂਦਾ ਹੈ, ਨੂੰ ਭਾਰਤ ਵਿੱਚ ਸਭ ਤੋਂ ਔਖੀ ਪ੍ਰੀਖਿਆ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਇਸ ਲਈ ਨਹੀਂ ਹੈ ਕਿ ਪ੍ਰੀਖਿਆ ਦੀ ਮੁਸ਼ਕਲ ਦਾ ਪੱਧਰ ਅਜਿਹਾ ਹੈ, ਵੱਡੇ ਪੱਧਰ 'ਤੇ, ਇਹ ਵਿਸ਼ਾਲ ਸਿਲੇਬਸ ਦੇ ਕਾਰਨ ਹੈ ਕਿ ਇਸ ਪ੍ਰੀਖਿਆ ਨੂੰ ਤੋੜਨਾ ਸਭ ਤੋਂ ਮੁਸ਼ਕਲ ਮੰਨਿਆ ਜਾਂਦਾ ਹੈ। ਭਾਰਤ ਭਰ ਦੇ ਛੋਟੇ ਸ਼ਹਿਰਾਂ ਅਤੇ ਕਸਬਿਆਂ ਤੋਂ ਉਮੀਦਵਾਰ ਸਿਵਲ ਸਰਵਿਸਿਜ਼ ਪ੍ਰੀਖਿਆ ਦੀ ਤਿਆਰੀ ਕਰਨ ਲਈ ਦਿੱਲੀ ਵਰਗੇ ਵੱਡੇ ਸ਼ਹਿਰਾਂ ਵਿੱਚ ਸ਼ਿਫਟ ਹੋ ਜਾਂਦੇ ਹਨ। ਪਰ ਕੀ ਇਸਦਾ ਮਤਲਬ ਇਹ ਹੈ ਕਿ ਕੋਚਿੰਗ ਹੀ ਇਸ ਪ੍ਰੀਖਿਆ ਦੀ ਤਿਆਰੀ ਦਾ ਇੱਕੋ ਇੱਕ ਤਰੀਕਾ ਹੈ? ਖੈਰ, ਈਮਾਨਦਾਰ ਹੋਣ ਲਈ, ਨਹੀਂ!

ਇਸ ਬਾਰੇ ਕੁਝ ਸਵਾਲ ਹਨ ਜੋ ਹਰ ਚਾਹਵਾਨ ਦੇ ਮਨ ਵਿੱਚ ਹਨ ਅਤੇ ਇੱਕ ਲਗਾਤਾਰ ਸਵਾਲ ਇਹ ਹੈ ਕਿ "ਕੀ ਦੀ ਤਿਆਰੀ ਲਈ ਕੋਚਿੰਗ ਜ਼ਰੂਰੀ ਹੈ"; ਇੱਕ ਹੋਰ ਜੋ ਅਕਸਰ ਪੁੱਛਿਆ ਜਾਂਦਾ ਹੈ "ਉਪਚਾਰਿਕ ਕੋਚਿੰਗ ਤੋਂ ਬਿਨਾਂ ਸਿਵਲ ਸੇਵਾਵਾਂ ਪ੍ਰੀਖਿਆ ਦੀ ਤਿਆਰੀ ਕਿਵੇਂ ਕਰੀਏ"

ਇਸ ਲੇਖ ਵਿਚ ਅਸੀਂ ਇਨ੍ਹਾਂ ਦੋਹਾਂ ਸਵਾਲਾਂ ਦੇ ਜਵਾਬ ਦੇਵਾਂਗੇ। ਪਰ ਇਸ ਤੋਂ ਪਹਿਲਾਂ, ਆਓ ਦੇਖੀਏ ਕਿ ਜੇਕਰ ਤੁਸੀਂ ਦੀ ਤਿਆਰੀ ਲਈ ਕੋਚਿੰਗ ਵਿੱਚ ਸ਼ਾਮਲ ਨਹੀਂ ਹੁੰਦੇ ਹੋ ਤਾਂ ਸ਼ੁਰੂ ਤੋਂ ਲੈ ਕੇ ਅੰਤ ਤੱਕ ਤੁਹਾਡੀ ਤਿਆਰੀ ਦੇ ਦੌਰਾਨ ਕਿਹੜੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

*ਉਮੀਦਵਾਰਾਂ ਦੁਆਰਾ ਦਰਪੇਸ਼ ਸਮੱਸਿਆਵਾਂ:*

ਸਿਵਲ ਸਰਵਿਸ ਇਮਤਿਹਾਨ ਦੀ ਵਿਸ਼ੇਸ਼ਤਾ ਜੋ ਇਸਨੂੰ ਪੂਰੀ ਤਰ੍ਹਾਂ ਮੁਸ਼ਕਲ ਬਣਾਉਂਦੀ ਹੈ ਉਹ ਵਿਸ਼ਾਲ ਸਿਲੇਬਸ ਹੈ। ਇਸ ਲਈ, ਸਹੀ ਸਰੋਤਾਂ ਅਤੇ ਮਾਹਰ ਮਾਰਗਦਰਸ਼ਨ ਦੀ ਘਾਟ ਉਹਨਾਂ ਵਿਦਿਆਰਥੀਆਂ ਦੁਆਰਾ ਦਰਪੇਸ਼ ਮੁੱਖ ਸਮੱਸਿਆਵਾਂ ਵਿੱਚੋਂ ਇੱਕ ਹੈ ਜੋ ਬਿਨਾਂ ਕਿਸੇ ਰਸਮੀ ਕੋਚਿੰਗ ਦੇ ਤਿਆਰੀ ਕਰਦੇ ਹਨ।

ਵਿਦਿਆਰਥੀ ਆਪਣੇ ਆਪ ਨੂੰ ਸਮੁੰਦਰ ਵਿੱਚ ਲੱਭ ਲੈਂਦੇ ਹਨ ਜਦੋਂ ਇਹ ਸੰਬੰਧਿਤ ਕਿਤਾਬ-ਸੂਚੀ ਜਾਂ ਅਧਿਐਨ ਸਮੱਗਰੀ ਦੀ ਗੱਲ ਆਉਂਦੀ ਹੈ। ਕਿਤਾਬਾਂ ਦੀਆਂ ਦੁਕਾਨਾਂ ਅਤੇ ਇੰਟਰਨੈਟ ਸਰੋਤ ਅਜਿਹੀ ਸਮੱਗਰੀ ਨਾਲ ਭਰੇ ਹੋਏ ਹਨ ਜੋ ਕਦੇ ਖਤਮ ਨਹੀਂ ਹੁੰਦੇ। ਇਸ ਲਈ, ਨਵੇਂ ਚਾਹਵਾਨ ਹਮੇਸ਼ਾ "ਬਹੁਤ ਸਾਰੀਆਂ ਕਿਤਾਬਾਂ ਅਤੇ ਬਹੁਤ ਘੱਟ ਸਮਾਂ" ਪ੍ਰਾਪਤ ਕਰਦੇ ਹਨ!

ਜਦੋਂ ਪੂਰੇ ਸਿਲੇਬਸ ਨੂੰ ਕਵਰ ਕਰਨ ਦੀ ਗੱਲ ਆਉਂਦੀ ਹੈ ਤਾਂ ਰਣਨੀਤੀ ਮੁੱਖ ਖੇਤਰ ਹੁੰਦੀ ਹੈ। ਬਹੁਤ ਸਾਰੇ ਵਿਸ਼ੇ ਹਨ ਜੋ ਛੱਡੇ ਜਾ ਸਕਦੇ ਹਨ, ਬਹੁਤ ਸਾਰੇ ਵਿਸ਼ੇ ਹਨ ਜੋ ਬਹੁਤ ਮਹੱਤਵਪੂਰਨ ਅਤੇ ਸਕੋਰਿੰਗ ਹਨ। ਨਵੇਂ ਚਾਹਵਾਨ ਸਿਲੇਬਸ ਅਤੇ ਮੁਫਤ ਸਰੋਤਾਂ ਦੀ ਵਿਸ਼ਾਲਤਾ ਨਾਲ ਹਾਵੀ ਮਹਿਸੂਸ ਕਰ ਸਕਦੇ ਹਨ ਅਤੇ ਇਸ ਨੂੰ ਇਕਸਾਰ ਕਰਨ ਵਿੱਚ ਬਹੁਤ ਸਾਰਾ ਸਮਾਂ ਬਰਬਾਦ ਕਰ ਸਕਦੇ ਹਨ।

ਅਗਲਾ ਸਹੀ ਸਮਾਂ ਪ੍ਰਬੰਧਨ ਹੈ. ਕੋਚਿੰਗ ਉਮੀਦਵਾਰਾਂ ਲਈ ਸਮਾਂ-ਸਾਰਣੀ ਤਿਆਰ ਕਰਨ ਵਿੱਚ ਮਦਦ ਕਰਦੀ ਹੈ। ਅਤੇ ਇਸ ਲਈ, ਇਸਦੀ ਘਾਟ ਵਿੱਚ, ਸਮੇਂ ਨੂੰ ਕੁਸ਼ਲਤਾ ਨਾਲ ਪ੍ਰਬੰਧਨ ਕਰਨਾ ਮੁਸ਼ਕਲ ਹੈ.

ਤੁਹਾਨੂੰ ਆਪਣੇ ਔਖੇ ਖੇਤਰਾਂ ਵਿੱਚ ਵੀ ਮਦਦ ਦੀ ਲੋੜ ਹੋ ਸਕਦੀ ਹੈ, ਕੋਚਿੰਗ ਤੋਂ ਬਿਨਾਂ ਇਸ ਲੋੜ ਨੂੰ ਪੂਰਾ ਕਰਨਾ ਅਸੰਭਵ ਹੋ ਜਾਂਦਾ ਹੈ।

ਇਸ ਤੋਂ ਇਲਾਵਾ, ਵਿਆਖਿਆਤਮਿਕ ਜਵਾਬਾਂ ਦਾ ਮੁਲਾਂਕਣ ਉਹ ਚੀਜ਼ ਹੈ ਜੋ ਕੋਈ ਵੀ ਚਾਹਵਾਨ ਆਪਣੇ ਆਪ ਨਹੀਂ ਕਰ ਸਕਦਾ ਹੈ। ਪਰ ਕੀ ਇਸਦਾ ਮਤਲਬ ਇਹ ਹੈ ਕਿ ਚਾਹਵਾਨ ਲਈ ਕੋਚਿੰਗ ਵਿੱਚ ਸ਼ਾਮਲ ਹੋਣਾ ਬਿਲਕੁਲ ਜ਼ਰੂਰੀ ਹੈ? ਖੈਰ, ਫਿਰ ਵੀ, ਜਵਾਬ ਨਹੀਂ ਹੈ! ਪਰ, ਬਿਨਾਂ ਕੋਚਿੰਗ ਦੇ ਇਮਤਿਹਾਨ ਦੀ ਤਿਆਰੀ ਕਰਦੇ ਸਮੇਂ ਕੁਝ ਮੁੱਖ ਕਾਰਕਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ। ਆਓ ਦੇਖੀਏ ਕਿ ਉਹ ਕੀ ਹਨ!

ਬਿਨਾਂ ਕੋਚਿੰਗ ਦੇ ਸਿਵਲ ਸਰਵਿਸਿਜ਼ ਪ੍ਰੀਖਿਆ ( ਪ੍ਰੀਖਿਆ) ਦੀ ਤਿਆਰੀ ਕਿਵੇਂ ਕਰੀਏ?

ਹੁਣ, ਜਦੋਂ ਤੁਸੀਂ ਸਮੱਸਿਆਵਾਂ ਨੂੰ ਜਾਣਦੇ ਹੋ, ਤਾਂ ਸਮੱਸਿਆਵਾਂ ਨੂੰ ਹੱਲ ਕਰਨਾ ਅਤੇ ਆਪਣੇ ਆਪ ਤਿਆਰ ਕਰਨਾ ਬਹੁਤ ਸੌਖਾ ਹੈ। ਆਓ ਸਿਵਲ ਸਰਵਿਸਿਜ਼ ਇਮਤਿਹਾਨ ਨੂੰ ਜਿੱਤਣ ਲਈ ਇੱਕ ਕਦਮ-ਦਰ-ਕਦਮ ਰਣਨੀਤੀ ਨੂੰ ਵੇਖੀਏ:

*ਕਦਮ 1: ਪਿਛਲੇ ਸਾਲ ਦੇ ਸਵਾਲਾਂ 'ਤੇ ਜਾਓ:*

ਪਿਛਲੇ ਸਾਲ ਦੇ ਸਵਾਲ ਨਾ ਸਿਰਫ਼ ਇਹ ਮੁਲਾਂਕਣ ਕਰਨ ਵਿੱਚ ਤੁਹਾਡੀ ਮਦਦ ਕਰਨਗੇ ਕਿ ਤੁਸੀਂ ਕਿੱਥੇ ਖੜ੍ਹੇ ਹੋ, ਸਗੋਂ ਇਹ ਤੁਹਾਨੂੰ ਪ੍ਰੀਖਿਆ ਵਿੱਚ ਪੁੱਛੇ ਜਾਣ ਵਾਲੇ ਸਵਾਲਾਂ ਦੇ ਰੁਝਾਨ ਅਤੇ ਪੈਟਰਨ ਬਾਰੇ ਵੀ ਸਹੀ ਜਾਣਕਾਰੀ ਦੇਣਗੇ। ਇਹ ਤੁਹਾਨੂੰ ਤਿਆਰੀ ਨੂੰ ਵਧੀਆ ਬਣਾਉਣ ਅਤੇ ਉਸ ਹਿੱਸੇ ਨੂੰ ਮੁੜ-ਵਿਵਸਥਿਤ ਕਰਨ ਦੀ ਇਜਾਜ਼ਤ ਦੇਵੇਗਾ ਜੋ ਸੰਬੰਧਤ ਹੈ। ਦੁਆਰਾ ਜਾਣਾ ਤੁਹਾਨੂੰ ਸੰਬੰਧਿਤ ਅਧਿਐਨ ਦੀ ਕਲਾ ਵਿੱਚ ਮੁਹਾਰਤ ਹਾਸਲ ਕਰਨ ਵਿੱਚ ਮਦਦ ਕਰੇਗਾ। ਇਸ ਲਈ, ਜਦੋਂ ਤੁਸੀਂ ਅਸਲ ਵਿੱਚ ਕਿਤਾਬਾਂ ਤੋਂ ਇਮਤਿਹਾਨ ਦੀ ਤਿਆਰੀ ਸ਼ੁਰੂ ਕਰੋਗੇ, ਤਾਂ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਕਿਹੜੇ ਭਾਗ ਦਾ ਅਧਿਐਨ ਕਰਨਾ ਹੈ ਅਤੇ ਤੁਸੀਂ ਕੀ ਛੱਡ ਸਕਦੇ ਹੋ!

*ਕਦਮ 2: ਇੱਕ ਮਜ਼ਬੂਤ ਅਧਿਐਨ ਯੋਜਨਾ ਤਿਆਰ ਕਰੋ:*

ਪਿਛਲੇ ਸਾਲ ਦੇ ਪ੍ਰਸ਼ਨ ਪੱਤਰਾਂ ਦੇ ਨਾਲ ਪੂਰਾ ਹੋਣ ਤੋਂ ਬਾਅਦ, ਪ੍ਰੀਲਿਮ ਅਤੇ ਮੇਨ ਦੋਵਾਂ ਦੇ ਸਿਲੇਬਸ ਨੂੰ ਪੜ੍ਹੋ। ਇਮਤਿਹਾਨ ਦੇ ਪੈਟਰਨ ਬਾਰੇ ਹਰੇਕ ਅਤੇ ਸਭ ਕੁਝ ਜਾਣੋ ਅਤੇ ਫਿਰ ਇੱਕ ਮਜ਼ਬੂਤ ਅਧਿਐਨ ਯੋਜਨਾ ਤਿਆਰ ਕਰੋ। ਪੂਰੇ ਸਿਲੇਬਸ ਨੂੰ ਕੁਸ਼ਲਤਾ ਨਾਲ ਕਵਰ ਕਰਨ ਲਈ ਮਹੀਨਾਵਾਰ, ਹਫ਼ਤਾਵਾਰੀ ਅਤੇ ਰੋਜ਼ਾਨਾ ਟੀਚੇ ਬਣਾਓ। ਛੋਟੇ ਟੀਚੇ ਬਣਾਓ ਜੋ ਪ੍ਰਾਪਤ ਕਰਨ ਯੋਗ ਹਨ. ਸੰਸ਼ੋਧਨ ਲਈ ਸ਼ਨੀਵਾਰ ਨੂੰ ਰੱਖੋ ਤਾਂ ਜੋ ਤੁਸੀਂ ਜੋ ਪੜ੍ਹਿਆ ਹੈ ਉਸਨੂੰ ਨਾ ਭੁੱਲੋ। ਅਜਿਹਾ ਕਰਨ ਨਾਲ ਤੁਹਾਨੂੰ ਸੰਕਲਪ ਨਿਰਮਾਣ ਅਤੇ ਧਾਰਨਾ ਧਾਰਨ ਵਿੱਚ ਮਦਦ ਮਿਲੇਗੀ।

*ਕਦਮ 3: ਆਪਣੀ ਬੁਨਿਆਦ ਨੂੰ ਮਜ਼ਬੂਤ ਬਣਾਉਣ ਦੇ ਨਾਲ ਸ਼ੁਰੂ ਕਰੋ*

ਹਰੇਕ ਵਿਸ਼ੇ ਲਈ ਮਜ਼ਬੂਤ ਨੀਂਹ ਰੱਖਣਾ ਬਹੁਤ ਜ਼ਰੂਰੀ ਹੈ। ਇਹ ਪੂਰੇ ਸਿਲੇਬਸ ਨੂੰ ਵਿਆਪਕ ਤੌਰ 'ਤੇ ਕਵਰ ਕਰਨ ਲਈ ਤੁਹਾਡੀ ਤਿਆਰੀ ਦੀ ਰਣਨੀਤੀ ਨੂੰ ਬਣਾਉਣ ਅਤੇ ਸਕੇਲ ਕਰਨ ਵਿੱਚ ਤੁਹਾਡੀ ਮਦਦ ਕਰੇਗਾ। ਅਜਿਹਾ ਕਰਨ ਲਈ, ਇਤਿਹਾਸ, ਰਾਜਨੀਤਿਕ, ਆਰਥਿਕਤਾ, ਭੂਗੋਲ, ਅਤੇ ਜਨਰਲ ਸਾਇੰਸ ਦੇ ਨੂੰ ਪੜ੍ਹਨ ਵਰਗੀ ਬੁਨਿਆਦੀ ਚੀਜ਼ ਨਾਲ ਸ਼ੁਰੂ ਕਰੋ। ਭਾਰਤੀ ਅਤੇ ਵਿਸ਼ਵ ਜਨਸੰਖਿਆ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਨਕਸ਼ੇ ਰਾਹੀਂ ਅਭਿਆਸ ਕਰੋ।

*ਕਦਮ 4: ਨਿਊਜ਼-ਪੇਪਰ ਪੜ੍ਹਨ ਦੀ ਆਦਤ ਬਣਾਓ:*

ਤੁਹਾਡੇ ਦੁਆਰਾ ਅਜਿਹਾ ਕਰਨ ਤੋਂ ਬਾਅਦ, ਤੁਸੀਂ ਅਖਬਾਰਾਂ ਨੂੰ ਪੜ੍ਹਨ ਦਾ ਅਨੰਦ ਲਓਗੇ ਕਿਉਂਕਿ ਤੁਸੀਂ ਇਸਨੂੰ ਤੁਹਾਡੇ ਕੋਲ ਮੌਜੂਦ ਸਿਧਾਂਤਕ ਗਿਆਨ ਨਾਲ ਜੋੜਨ ਦੇ ਯੋਗ ਹੋਵੋਗੇ। ਦ ਹਿੰਦੂ ਅਤੇ ਦ ਇਕਨਾਮਿਕ ਟਾਈਮਜ਼ ਵਰਗੇ ਮਹੱਤਵਪੂਰਨ ਅਖਬਾਰਾਂ ਨੂੰ ਪੜ੍ਹਨ ਦੀ ਆਦਤ ਬਣਾਓ। ਘੱਟੋ-ਘੱਟ ਇਹਨਾਂ ਪੰਨਿਆਂ ਦੇ ਸੰਪਾਦਕੀ ਅਤੇ ਮਹੱਤਵਪੂਰਨ ਖਬਰਾਂ ਦੀ ਕਵਰੇਜ ਨੂੰ ਪੜ੍ਹੋ ਜੋ ਪ੍ਰੀਖਿਆ ਲਈ ਢੁਕਵੀਂ ਹੋ ਸਕਦੀ ਹੈ। ਤੁਸੀਂ ਖ਼ਬਰਾਂ ਦੀ ਪੂਰੀ ਕਵਰੇਜ ਪ੍ਰਾਪਤ ਕਰਨ ਲਈ ਸਾਡੇ ਰੋਜ਼ਾਨਾ ਮੌਜੂਦਾ ਮਾਮਲਿਆਂ ਦੇ ਵਿਸ਼ਲੇਸ਼ਣ ਅਤੇ ਮਾਸਿਕ ਮੌਜੂਦਾ ਮਾਮਲਿਆਂ ਨੂੰ ਵੀ ਪੜ੍ਹ ਸਕਦੇ ਹੋ। ਇਸ ਤੋਂ ਇਲਾਵਾ, ਮਹੀਨਾਵਾਰ ਰਸਾਲਿਆਂ ਜਿਵੇਂ ਕਿ ਯੋਜਨਾ ਅਤੇ ਕੁਰੂਕਸ਼ੇਤਰ ਨਾਲ ਆਪਣੇ ਗਿਆਨ ਨੂੰ ਪੂਰਕ ਕਰੋ। ਉਹਨਾਂ ਕੋਲ ਮੌਜੂਦਾ ਖ਼ਬਰਾਂ ਅਤੇ ਸਥਿਰ ਖੇਤਰਾਂ 'ਤੇ ਸ਼ਾਨਦਾਰ ਲੇਖ ਹਨ। ਮਹੱਤਵਪੂਰਨ ਨੁਕਤਿਆਂ ਦੇ ਨੋਟ ਬਣਾਓ ਜੋ ਤੁਹਾਡੇ ਜਵਾਬਾਂ ਦਾ ਸਮਰਥਨ ਕਰ ਸਕਦੇ ਹਨ।

*ਕਦਮ 5: ਅਭਿਆਸ, ਅਭਿਆਸ ਅਤੇ ਹੋਰ ਅਭਿਆਸ:*

ਇੱਕ ਵਾਰ ਜਦੋਂ ਤੁਸੀਂ ਆਪਣੀ ਬੁਨਿਆਦ ਮਜ਼ਬੂਤ ਕਰ ਲੈਂਦੇ ਹੋ, ਤਾਂ ਹਰੇਕ ਪੇਪਰ ਲਈ ਸਿਫ਼ਾਰਿਸ਼ ਕੀਤੀਆਂ ਕਿਤਾਬਾਂ ਪੜ੍ਹੋ। ਤੁਸੀਂ ਇੱਥੇ ਪੂਰੀ ਬੁੱਕਲਿਸਟ ਦੀ ਜਾਂਚ ਕਰ ਸਕਦੇ ਹੋ। ਅਗਲਾ ਕਦਮ ਅਭਿਆਸ ਕਰਨਾ ਹੈ. ਸਖ਼ਤੀ ਨਾਲ ਜਵਾਬ ਲਿਖਣ ਦਾ ਅਭਿਆਸ ਕਰੋ। ਨਾਲ ਹੀ, ਲਈ ਤਿਆਰੀ ਕਰਨਾ ਨਾ ਭੁੱਲੋ, ਇਹ ਯੋਗਤਾ ਪੂਰੀ ਕਰ ਰਿਹਾ ਹੈ, ਪਰ ਫਿਰ ਵੀ, ਤੁਹਾਨੂੰ ਮੇਨ ਲਈ ਯੋਗਤਾ ਪੂਰੀ ਕਰਨ ਲਈ 66 ਤੋਂ ਵੱਧ ਅੰਕ ਪ੍ਰਾਪਤ ਕਰਨ ਦੀ ਲੋੜ ਹੈ। ਇਸ ਲਈ, ਇਸ ਨੂੰ ਮੌਕ ਟੈਸਟਾਂ ਰਾਹੀਂ ਤਿਆਰ ਕਰੋ। ਇੱਕ ਚੰਗੀ ਟੈਸਟ ਲੜੀ ਵਿੱਚ ਸ਼ਾਮਲ ਹੋਵੋ ਜੋ ਅਤੇ ਪੇਪਰ ਦੀ ਦੇਖਭਾਲ ਕਰ ਸਕੇ। ਯੂਪੀਐਸਸੀ ਸੀਐਸਈ ਪ੍ਰੀਲਿਮਜ਼ ਅਤੇ ਮੇਨਜ਼ ਲਈ ਸਿਲੇਬਸ ਨੂੰ ਵੱਖ-ਵੱਖ ਨਹੀਂ ਕੀਤਾ ਗਿਆ ਹੈ ਅਤੇ ਇਸ ਲਈ ਤੁਸੀਂ ਦੋਵਾਂ ਲਈ ਇਕੱਠੇ ਤਿਆਰੀ ਕਰ ਸਕਦੇ ਹੋ। ਪਰ ਜਨਵਰੀ ਜਾਂ ਫਰਵਰੀ ਤੋਂ, ਪੂਰੇ ਪ੍ਰੀਲਿਮ ਮੋਡ ਵਿੱਚ ਜਾਓ ਅਤੇ ਰਣਨੀਤਕ ਤੌਰ 'ਤੇ ਤਿਆਰੀ ਕਰੋ।

ਇਸ ਤੋਂ ਇਲਾਵਾ, ਤੁਸੀਂ ਸਾਡੇ ਖਾਸ ਵਿਸ਼ੇ ਦੇ ਕੋਰਸਾਂ ਜਾਂ ਵਿਆਪਕ ਔਨਲਾਈਨ ਕੋਰਸਾਂ ਵਿੱਚ ਸ਼ਾਮਲ ਹੋ ਸਕਦੇ ਹੋ ਜੋ ਤੁਹਾਨੂੰ ਤੁਹਾਡੇ ਘਰ ਦੀ ਸਹੂਲਤ ਅਨੁਸਾਰ ਤਿਆਰੀ ਕਰਨ ਦੀ ਇਜਾਜ਼ਤ ਦੇਵੇਗਾ। ਤੁਸੀਂ ਕਲਾਸਰੂਮ ਕੋਚਿੰਗ ਵਿੱਚ ਸ਼ਾਮਲ ਹੋਣ ਤੋਂ ਬਿਨਾਂ ਉਦਯੋਗ ਦੇ ਮਾਹਰਾਂ ਤੋਂ ਮਾਰਗਦਰਸ਼ਨ ਪ੍ਰਾਪਤ ਕਰੋਗੇ। ਨਾਲ ਹੀ, ਇਸ ਸਬੰਧ ਵਿੱਚ ਸੁਧਾਰ ਅਤੇ ਸੁਧਾਰ ਕਰਨ ਲਈ ਆਪਣੀਆਂ ਉੱਤਰ ਕਾਪੀਆਂ ਦਾ ਮੁਲਾਂਕਣ ਕਰੋ। ਕੋਰਸ ਦੀਆਂ ਪੇਸ਼ਕਸ਼ਾਂ ਬਾਰੇ ਹੋਰ ਜਾਣਨ ਲਈ ਸਾਡੇ ਕੋਰਸ ਸਲਾਹਕਾਰਾਂ ਨਾਲ ਸੰਪਰਕ ਕਰੋ!

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ, ਪੰਜਾਬ।*

# ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਭਰੋਸੇ ਦੀ ਵੋਟ ਜਿੱਤੀ, ਪਰ ਵੱਕਾਰ ਘਟਿਆ

-ਕ੍ਰਿਸ਼ਨ ਭਾਟੀਆ



ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੇ ਵਿਰੁੱਧ ਉਨ੍ਹਾਂ ਦੀ ਆਪਣੀ ਟੋਰੀ ਪਾਰਟੀ ਵੱਲੋਂ ਪੇਸ਼ ਹੋਇਆ ਭਰੋਸੇ ਦਾ ਮਤਾ ਉਹ ਜਿੱਤ ਗਏ ਹਨ, ਪਰ ਉਨ੍ਹਾਂ ਦੇ ਵੱਕਾਰ ਨੂੰ ਸੱਟ ਲੱਗੀ ਹੈ। ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਦੇ ਲਈ ਪਾਰਟੀ ਪਾਰਲੀਮੈਂਟ ਮੈਂਬਰਾਂ ਦੇ ਇੱਕ ਪ੍ਰਭਾਵਸ਼ਾਲੀ ਗਰੁੱਪ ਨੇ ਉਨ੍ਹਾਂ ਦੀ ਲੀਡਰਸ਼ਿਪ ਦੀ ਗਰਦਨ ਉੱਤੇ ਪਿਛਲੇ ਲੱਗਭਗ ਡੇਢ ਸਾਲ ਤੋਂ ਜਿਹੜੀ ਤਲਵਾਰਲਟਕਾ ਰੱਖੀ ਸੀ, ਉਹ ਹਟ ਗਈ, ਪਰ ਉਨ੍ਹਾਂ ਦੇ ਵਿਰੋਧੀਆਂ ਨੇ ਕਿਹਾ ਹੈ ਕਿ ਉਹ ਆਪਣਾ ਸੰਘਰਸ਼ ਜਾਰੀ ਰੱਖਣਗੇ, ਕਿਉਂਕਿ 'ਜਨਤਾ ਦੇ ਦਿਲਾਂ ਵਿੱਚ ਬੋਰਿਸ ਆਪਣਾ ਵੱਕਾਰ ਗੁਆ ਚੁੱਕੇ ਹਨ।'

ਬੋਰਿਸ ਜਾਨਸਨ ਵਿਰੁੱਧ ਭਰੋਸੇ ਦੇ ਮਤੇ ਉੱਤੇ ਸੋਮਵਾਰ 6 ਜੂਨ ਨੂੰ ਪਾਰਲੀਮੈਂਟ ਭਵਨ ਦੇ ਸਭਾ ਹਾਲ ਵਿੱਚ ਵੋਟਾਂ ਪਈਆਂ ਅਤੇ ਟੋਰੀ ਪਾਰਟੀ ਦੇ ਸਾਰੇ 359 ਮੈਂਬਰਾਂ ਨੇ ਹਿੱਸਾ ਲਿਆ। ਬੋਰਿਸ ਜਾਨਸਨ ਨੂੰ 211 ਤੇ ਵਿਰੋਧੀਆਂ ਨੂੰ 148 ਵੋਟਾਂ ਪਈਆਂ। ਇਹ ਮਤਾ ਉਨ੍ਹਾਂ ਨੂੰ ਟੋਰੀ ਪਾਰਟੀ ਦੇ ਪਾਰਲੀਮੈਂਟਰੀ ਨੇਤਾ ਦੀ ਪਦਵੀਂ ਤੋਂ ਹਟਾਉਣ ਲਈ ਪੇਸ਼ ਕੀਤਾ ਗਿਆ। ਰਿਵਾਇਤ ਅਨੁਸਾਰ ਬ੍ਰਿਟੇਨ ਦੀ ਸੱਤਾਧਾਰੀ ਪਾਰਟੀ ਦਾ ਪਾਰਲੀਮੈਂਟਰੀ ਨੇਤਾ ਦੇਸ਼ ਦਾ ਪ੍ਰਧਾਨ ਮੰਤਰੀ ਹੁੰਦਾ ਹੈ। ਇਸ ਤਰ੍ਹਾਂ ਇਸ ਸਮੇਂ ਦੇਸ਼ ਦੀ ਸੱਤਾਧਾਰੀ ਟੋਰੀ ਪਾਰਟੀ ਦੇ ਪਾਰਲੀਮੈਂਟਰੀ ਮੁਖੀ ਕਿਉਂਕਿ ਬੋਰਿਸ ਜਾਨਸਨ ਹਨ, ਇਸ ਅਹੁਦੇ ਉੱਤੇ ਰਹਿਣ ਲਈ ਭਰੋਸੇ ਦੀ ਵੋਟ ਜੇ ਉਹ ਹਾਰ ਜਾਂਦੇ ਤਾਂ ਪ੍ਰਧਾਨ ਮੰਤਰੀ ਦਾ ਅਹੁਦਾ ਵੀ ਛੱਡਣਾ ਪੈਣਾ ਸੀ।

ਅਜੇ ਕੁਝ ਸਮਾਂ ਉਹ ਸੁਖ ਦਾ ਸਾਹ ਲੈ ਸਕਣਗੇ, ਪਰ ਉਨ੍ਹਾਂ ਨੂੰ ਅਹੁਦੇ ਤੋਂ ਲਾਹੁਣ ਲਈ ਖੁਦ ਉਨ੍ਹਾਂ ਦੀ ਆਪਣੀ ਪਾਰਟੀ ਦੇ ਇੱਕ ਵੱਡੇ ਗਰੁੱਪ ਦੇ ਨਾਲ ਵਿਰੋਧੀ ਪਾਰਟੀ, ਲੇਬਰ ਅਤੇ ਲਿਬਰਲ ਪਾਰਟੀ ਨੇ ਜਿਸ ਮੁੱਦੇ ਨੂੰ ਲੈ ਕੇ ਪਿਛਲੇ ਲੱਗਭਗ 18 ਮਹੀਨੇ ਤੋਂ ਤੇਜ਼ ਮੁਹਿੰਮ ਚਲਾਈ ਹੋਈ ਸੀ, ਉਸ ਨੂੰ ਉਨ੍ਹਾਂ ਨੇ ਇੱਕ ਨੈਤਿਕ ਰੂਪ ਦੇ ਦਿੱਤਾ ਹੈ, ਜਿਸ ਨਾਲ ਕਿ ਉਹ ਸਾਧਾਰਨ ਦਿਲਾਂ ਵਿੱਚ ਇਹ ਪ੍ਰਭਾਵ ਬਿਠਾਉਣ ਵਿੱਚ ਕਾਫੀ ਹੱਦ ਤੱਕ ਸਫਲ ਹੋਏ ਕਿ ਇਨਫੈਕਟਿਡ ਕੋਵਿਡ-19 ਦੇ ਦਿਨਾਂ ਵਿੱਚ ਆਮ ਲੋਕਾਂ ਦੇ ਆਪੋ ਵਿੱਚ ਮਿਲਣ ਦੀਆਂ ਸਖ਼ਤ ਪਾਬੰਦੀਆਂ ਦਾ ਕਾਨੂੰਨ ਅਤੇ ਨਿਯਮ ਬਣਾਉਣ ਵਾਲੇ ਨੇਤਾ ਅਤੇ ਅਧਿਕਾਰੀ ਹੀ ਜਦੋਂ ਉਨ੍ਹਾਂ ਪਾਬੰਦੀਆਂ ਦੀ ਉਲੰਘਣਾ ਕਰਨ ਤਾਂ ਉਨ੍ਹਾਂ ਨੂੰ ਅਹੁਦੇ ਉੱਤੇ ਬਣੇ ਰਹਿਣ ਦਾ ਕੋਈ ਨੈਤਿਕ ਅਧਿਕਾਰ ਨਹੀਂ।ਬੋਰਿਸ ਜਾਨਸਨ ਕੋਵਿਡ-19 ਦੌਰਾਨ ਆਪਸ ਵਿੱਚ ਮਿਲਣ ਉੱਤੇ ਪਾਬੰਦੀਆਂ ਦੀ ਉਲੰਘਣਾ ਕਰਦੇ ਫੜੇ ਗਏ ਸਨ। ਪਹਿਲਾਂ ਉਹ ਇਸ ਤੋਂ ਮੁੱਕਰਦੇ ਰਹੇ, ਜਦੋਂ ਉਨ੍ਹਾਂ ਵਿਰੁੱਧ ਪੱਕੇ ਸਬੂਤ ਪੇਸ਼ ਹੋਏ ਤਾਂ ਵੀ ਦੋਸ਼ਾਂ ਨੂੰ ਝੁਠਲਾਉਂਦੇ ਰਹੇ। ਪ੍ਰਧਾਨ ਮੰਤਰੀ ਨਿਵਾਸ 10 ਡਾਊਨਿੰਗ ਸਟ੍ਰੀਟ ਉੱਤੇ ਪਾਰਟੀਆਂ ਅਤੇ ਜਸ਼ਨ ਹੁੰਦੇ ਰਹੇ, ਪਰ ਬੋਰਿਸ ਜਾਨਸਨ ਦਾ ਮੁੱਕਰਨਾ ਜਾਰੀ ਰਿਹਾ। ਸੱਚ ਕੀ ਅਤੇ ਝੂਠ ਕੀ, ਇਹ ਪਤਾ ਲਾਉਣ ਲਈ ਉਚ-ਪੱਧਰੀ ਜਾਂਚ ਕਮਿਸ਼ਨ ਬਣੇ ਤਾਂ ਉਨ੍ਹਾਂ ਨੇ ਬੋਰਿਸ ਜਾਨਸਨ ਨੂੰ ਦੋਸ਼ੀ ਮੰਨ ਕੇ ਕਾਨੂੰਨ ਦੀ ਉਲੰਘਣਾ ਲਈ ਜੁਰਮਾਨਾ ਭਰਨ ਦਾ ਹੁਕਮ ਦਿੱਤਾ।

ਸੱਚ ਲੁਕਾਉਣ ਦੀ ਬੜੀ ਕੋਸ਼ਿਸ਼ ਕੀਤੀ ਗਈ, ਪਰ ਇਹ ਨੈਤਿਕ ਮੁੱਦਾ ਬਣ ਚੁੱਕਾ ਸੀ। ਜੋ ਲੋਕ 10 ਡਾਊਨਿੰਗ ਸਟ੍ਰੀਟ ਪਾਰਟੀਆਂ ਵਿੱਚ ਸ਼ਾਮਲ ਹੋਏ ਸਨ, ਉਨ੍ਹਾਂ ਨੇ ਸੱਚ ਦੱਸਣਾ ਸ਼ੁਰੂ ਕੀਤਾ ਤੇ ਉਹ ਫੋਟੋ ਪੇਸ਼ ਕੀਤੀਆਂ, ਜਿਨ੍ਹਾਂ ਵਿੱਚ ਬੋਰਿਸ ਜਾਨਸਨ ਇਨ੍ਹਾਂ ਪਾਰਟੀਆਂ ਵਿੱਚ ਸ਼ਰਾਬ ਦੇ ਜਾਮ ਫੜੇ ਹੋਏ ਸਨ। ਬ੍ਰਿਟਿਸ਼ ਸਾਮਰਾਜ ਵਿੱਚ ਸ਼ਰਾਬ ਪੀਣੀ ਕੋਈ ਖਾਸ ਗੱਲ ਨਹੀਂ, ਪਰ ਝੂਠ ਨੂੰ ਜਨਤਕ ਗਲੇ ਰਾਹੀਂ ਜ਼ਬਰਦਸਤੀ ਹੇਠਾਂ ਉਤਾਰਨ ਦੀ ਕੋਸ਼ਿਸ਼ ਇਸ ਦੇਸ਼ ਦੀ ਜਨਤਾ ਨੇ ਕਦੀ ਸਹਿਣ ਨਹੀਂ ਕੀਤੀ। ਨੈਤਿਕ ਦਬਾਅ ਵਧਣ ਲੱਗਾ। ਆਖਿਰ ਬੋਰਿਸ ਨੇ ਗਲਤੀ ਮੰਨੀ। ਫਿਰ ਵੀ ਖਹਿੜਾ ਨਹੀਂ ਛੁੱਟਾ। ਜਨਤਕ ਮੁਆਫੀ ਮੰਗੀ, ਜਨਤਾ ਸਾਹਮਣੇ ਤੇ ਪਾਰਲੀਮੈਂਟ ਵਿੱਚ ਵੀ, ਪਰ ਉਨ੍ਹਾਂ ਵਿਰੁੱਧ ਗੁੱਸਾ ਇੰਨਾ ਵਧ ਚੁੱਕਾ ਸੀ ਕਿ ਉਨ੍ਹਾਂ ਦੀ ਆਪਣੀ ਟੋਰੀ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਨੇ ਪਾਰਟੀ ਦੇ ਪਾਰਲੀਮੈਂਟੀ ਨੇਤਾ ਦੇ ਅਹੁਦੇ ਤੋਂ ਹਟਾਉਣ ਲਈ ਉਨ੍ਹਾ ਵਿਰੁੱਧ ਬੇਭਰੋਸਗੀ ਮਤਾ ਪੇਸ਼ ਕੀਤਾ। ਇਹ ਬ੍ਰਿਟੇਨ ਦੀਆਂ ਸ਼ਕਤੀਸ਼ਾਲੀ ਲੋਕਤੰਤਰੀ ਰਵਾਇਤਾਂ ਦਾ ਸ਼ਲਾਘਾਯੋਗ ਫਰਮਾਨ ਹੈ। ਕੋਈ ਕਿੰਨੇ ਵੀ ਉਚੇ ਅਹੁਦੇ ਉੱਤੇ ਹੋਵੇ, ਉਸ ਦਾ ਨੈਤਿਕ ਆਚਰਨ ਸਹਿਣ ਨਹੀਂ ਕੀਤਾ ਜਾਂਦਾ। ਬ੍ਰਿਟੇਨ ਦੇ ਇਤਿਹਾਸ ਵਿੱਚ ਬੋਰਿਸ ਜਾਨਸਨ ਪਹਿਲੇ ਪ੍ਰਧਾਨ ਮੰਤਰੀ ਹਨ, ਜਿਨ੍ਹਾਂ ਨੂੰ ਕਾਨੂੰਨ ਤੋੜਨ ਦਾ ਜੁਰਮਾਨਾ ਭਰਨਾ ਪਿਆ ਹੈ।

ਬੇਭਰੋਸਗੀ ਮਤੇ ਦੇ ਨਤੀਜੇ ਉੱਤੇ ਬੋਰਿਸ ਜਾਨਸਨ ਨੇ ਤਸੱਲੀ ਪ੍ਰਗਟ ਕੀਤੀ ਹੈ ਅਤੇ ਉਹ ਪ੍ਰਧਾਨ ਮੰਤਰੀ ਬਣੇ ਰਹਿਣਗੇ ਅਤੇ ਟੋਰੀ ਪਾਰਟੀ ਦੇ ਨਿਯਮਾਂ ਅਨੁਸਾਰ ਅਗਲੇ 12 ਮਹੀਨੇ ਤੱਕ ਉਨ੍ਹਾਂ ਵਿਰੁੱਧ ਕੋਈ ਨਵਾਂ ਬੇਭਰੋਸਗੀ ਮਤਾ ਪੇਸ਼ ਨਹੀਂ ਕੀਤਾ ਜਾ ਸਕੇਗਾ। ਇਹ ਸੰਕਟ ਇੱਕ ਵਾਰ ਟਲ ਗਿਆ ਪਰ ਆਲੋਚਕਾਂ ਨੇ ਬੋਰਿਸ ਦੇ ਵਿਰੁੱਧ ਆਪਣੀ ਮੁਹਿੰਮ ਜਾਰੀ ਰੱਖਣ ਦਾ ਐਲਾਨ ਕੀਤਾ ਹੈ ਅਤੇ ਉਨ੍ਹਾਂ ਦੇ ਅਸਤੀਫੇ ਦੀ ਮੰਗ ਕੀਤੀ ਹੈ।

## ਜ਼ਮੀਨੀ ਝਗੜੇ ਵਿੱਚ ਆਪ ਆਗੂ ਨੇ ਗੋਲੀਆਂ ਮਾਰਕੇ ਦੁਕਾਨਦਾਰ ਦਾ ਕਤਲ ਕੀਤਾ



ਅੰਮ੍ਰਿਤਸਰ, 12 ਜੂਨ (ਪੋਸਟ ਬਿਊਰੋ)- ਅੰਮ੍ਰਿਤਸਰ ਦੇ ਸੁਲਤਾਨਵਿੰਡ ਰੋਡ ਇਲਾਕੇ ਵਿੱਚ ਜ਼ਮੀਨੀ ਝਗੜੇ ਕਾਰਨ ਆਮ ਆਦਮੀ ਪਾਰਟੀ ਦੇ ਆਗੂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਦਿਨ ਦਿਹਾੜੇ ਦੁਕਾਨਦ-ਾਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ, ਜਦ ਕਿ ਉਸ ਦੇ ਦੋ ਦੋਸਤ ਹਸਪਤਾਲ ਵਿੱਚ ਦਾਖਲ ਹਨ। ਮ੍ਰਿਤਕ ਦੀ ਪਛਾਣ ਗੁਰਪ੍ਰਤਾਪ ਸਿੰਘ ਰਾਜਾ ਵਾਸੀ 100 ਫੁੱਟੀ ਰੋਡ ਅੰਮ੍ਰਿਤਸਰ ਵਜੋਂ ਹੋਈ ਹੈ। ਪੁਲਸ ਇਸ ਬਾਰੇ ਕਾਰਵਾਈ ਕਰ ਰਹੀ ਹੈ।

ਹਸਪਤਾਲ ਵਿੱਚ ਦਾਖਲ ਰਿਸ਼ੀ ਕੁਮਾਰ ਵਾਸੀ ਤੀਰਥ ਨਗਰ, ਸੁਲਤਾਨਵਿੰਡ ਰੋਡ ਨੇ ਦੱਸਿਆ ਕਿ ਜਸਪ੍ਰੀਤ ਸਿੰਘ ਵਾਸੀ ਗੋਬਿੰਦ ਨਗਰ ਅਤੇ ਉਹ ਬਾਅਦ ਦੁਪਹਿਰ ਆਪਣੇ ਦੋਸਤ ਗੁਰਪ੍ਰਤਾਪ ਸਿੰਘ ਰਾਜਾ ਦੀ ਦੁਕਾਨ ਉੱਤੇਸਨ। ਉਸ ਦੌਰਾਨ ਇੱਕ ਮਹਿਲਾ ਕੌਂਸਲਰ ਦਾ ਲੜਕਾ ਚਰਨਜੀਤ ਸਿੰਘ ਬੱਬਾ,ਜੋ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਚੁੱਕਾ ਹੈ,ਓਥੇਆ ਕੇ ਝਗੜਾ ਕਰਨ ਲੱਗ ਪਿਆ। ਉਪਰੰਤ ਉਸ ਨੇ ਆਪਣੇ ਭਰਾ ਗੁਰਦੀਪ ਸਿੰਘ ਰਿੰਪੀ ਕੋਲੋਂ ਪਿਸਤੌਲ ਮੰਗਵਾਈ ਅਤੇ ਹਥਿਆਰਾਂ ਨਾਲ ਲੈਸ ਆਪਣੇ ਕੁਝ ਸਾਥੀ ਸੱਦ ਲਏ। ਇਸੇ ਦੌਰਾਨ ਉਸ ਨੇ ਸਿੱਧੀਆਂ ਗੋਲੀਆਂ ਚਲਾਈਆਂ ਤਾਂ ਗੋਲੀਆਂ ਲੱਗਣ ਕਰ ਕੇ ਗੁਰਪ੍ਰਤਾਪ ਦੀ ਮੌਤ ਹੋ ਗਈ, ਜਦ ਕਿ ਉਹ ਅਤੇ ਉਸ ਦਾ ਦੋਸਤ ਜ਼ਖਮੀ ਹਨ। ਉਨ੍ਹਾਂ ਰੋਸ ਨਾਲ ਕਿਹਾ ਕਿ ਸਾਰੀ ਘਟਨਾ ਛੇ ਪੁਲਸ ਵਾਲਿਆਂ ਸਾਹਮਣੇ ਵਾਪਰੀ, ਪ੍ਰੰਤੂ ਪੁਲਸ ਕੁਝ ਨਹੀਂ ਕਰ ਸਕੀ। ਬੀ-ਡਵੀਜ਼ਨ ਪੁਲਸ ਥਾਣੇ ਦੇ ਮੁਖੀ ਦਾ ਕਹਿਣਾ ਹੈ ਕਿ ਇਸ ਕੇਸ ਵਿੱਚ ਇੱਕ ਵਿਅਕਤੀ ਫੜ ਲਿਆ ਹੈ ਤੇ ਬਾਕੀਆਂ ਦੀ ਭਾਲ ਜਾਰੀ ਹੈ। ਦੱਸਿਆ ਗਿਆ ਹੈ ਕਿ ਚਰਨਜੀਤ ਸਿੰਘ ਬੱਬਾ ਕਾਂਗਰਸੀ ਆਗੂ ਨਵਜੋਤ ਸਿੱਧੂ ਦਾ ਨਜ਼ਦੀਕੀ ਸੀ, ਜੋ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਿਆ ਸੀ।

## ਧੋਖਾਧੜੀ ਦੇ ਦੋਸ਼ ਵਿੱਚ ਸਾਬਕਾ ਮੰਤਰੀ ਜੋਸਨ ਦਾ ਭਰਾ ਗ੍ਰਿਫਤਾਰ

* ਦਰਜਨ ਤੋਂ ਵੱਧ ਕੇਸ ਤੇ ਅਦਾਲਤ ਨੇ ਭਗੌੜਾ ਐਲਾਨਿਆ ਸੀ




ਫਾਜ਼ਿਲਕਾ, 12 ਜੂਨ (ਪੋਸਟ ਬਿਊਰੋ)- ਵਿਧਾਨ ਸਭਾ ਹਲਕਾ ਜਲਾਲਾਬਾਦ ਤੋਂ ਸਾਬਕਾ ਵਿਧਾਇਕ ਅਤੇ ਸਾਬਕਾ ਮੰਤਰੀ ਹੰਸ ਰਾਜ ਜੋਸਨ ਦੇ ਚਚੇਰੇ ਭਰਾ ਸੁਭਾਸ਼ ਜੋਸਨ ਨੂੰ ਕੱਲ੍ਹ ਪੁਲਸ ਨੇ ਗ੍ਰਿਫਤਾਰ ਕੀਤਾ ਹੈ।

ਇਸ ਬਾਰੇ ਥਾਣਾ ਸਿਟੀ ਜਲਾਲਾਬਾਦ ਦੇ ਐਸ ਐਚ ਓ ਨੇ ਦੱਸਿਆ ਕਿ ਜਲਾਲਾਬਾਦ ਪੁਲਸ ਨੇ ਸੁਭਾਸ਼ ਕੁਮਾਰ ਨੂੰ ਲੈਣ-ਦੇਣ ਦੇ ਇੱਕ ਕੇਸ ਵਿੱਚ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਵੀ ਇਸ ਮੁਲਾਜ਼ਮ ਖਿਲਾਫ ਧੋਖਾਧੜੀ ਦੇ ਕਈ ਕੇਸ ਦਰਜ ਹਨ।ਉਨ੍ਹਾਂ ਦੱਸਿਆ ਕਿ ਤਾਜ਼ਾ ਕੇਸ ਵਿੱਚ ਸੁਭਾਸ਼ ਜੋਸਨ ਨੇ ਕਿਸੇ ਵਿਅਕਤੀ ਦੀ ਹੁਦਾਰਦੀ ਰਕਮ ਮੋੜਨ ਲਈ ਚੈਕ ਦਿਤਾ ਸੀ, ਜੋ ਬਾਊਂਸ ਹੋ ਗਿਆ ਤੇ ਉਸ ਵਿਅਕਤੀ ਨੇ ਜਦੋਂ ਅਦਾਲਤ ਵਿੱਚ ਕੇਸ ਕੀਤਾ ਤਾਂ ਸੁਣਵਾਈ ਲਈ ਪੇਸ਼ ਨਾਹੋਣ ਉੱਤੇ ਅਦਾਲਤ ਨੇ ਸੁਭਾਸ਼ ਜੋਸਨ ਨੂੰ ਭਗੌੜਾ ਕਰਾਰ ਦੇ ਦਿੱਤਾ ਸੀ। ਕੱਲ੍ਹ ਉਸ ਨੂੰ ਗ੍ਰਿਫਤਾਰ ਕਰ ਕੇ ਅਦਾਲਤ ਪੇਸ਼ ਕੀਤਾ ਗਿਆ। ਗ੍ਰਿਫਤਾਰੀ ਪਿੱਛੋਂ ਸੁਭਾਸ਼ ਜੋਸਨ ਨੇ ਮੀਡੀਆ ਨੂੰ ਦੱਸਿਆ ਕਿ ਉਸ ਨੂੰ ਜਿਸ ਵਿਅਕਤੀ ਨਾਲ ਲੈਣ-ਦੇਣ ਬਾਰੇ ਫੜਿਆ ਹੈ, ਉਹ ਉਸ ਨੂੰ ਜਾਣਦਾ ਹੀ ਨਹੀਂ। ਸੁਭਾਸ਼ ਜੋਸਨ ਨੇ ਕਿਹਾ ਕਿ ਉਹ ਖੁਦ ਉਸ ਵਿਅਕਤੀ ਨੂੰ ਲੱਭ ਰਿਹਾ ਸੀ ਤਾਂ ਜੋ ਰਾਜ਼ੀਨਾਮਾ ਕੀਤਾ ਜਾ ਸਕੇ।

## ਮੂਸੇਵਾਲਾ ਨੇ ਵਾਸ਼ਿੰਗਟਨ ਦੇ ਹਥਿਆਰ ਨਿਰਮਾਤਾ ਕੋਲੋਂ ਬੁਲੇਟ ਪਰੂਫ ਜੈਕਟ ਮੰਗੀ ਸੀ



ਚੰਡੀਗੜ੍ਹ, 12 ਜੂਨ (ਪੋਸਟ ਬਿਊਰੋ)- ਸਿੱਧੂ ਮੂਸੇਵਾਲਾ ਦੇ ਗੀਤ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਉਹ ਗੈਂਗਸਟਰ ਦੀ ਗੋਲੀ ਨਾਲ ਮਰਨ ਲਈ ਮਾਨਸਿਕਤੌਰ ਉੱਤੇ ਤਿਆਰ ਸੀ।

ਵਾਸ਼ਿੰਗਟਨ ਦੇ ਸਿਆਟਲ ਵਿੱਚ ਰਹਿੰਦੇ ਵਿੱਕੀ ਮਾਨ ਸਲਾਉਦੀ ਨੇ ਮੀਡੀਆ ਨਾਲ ਖਾਸ ਗੱਲਬਾਤ ਵਿੱਚ ਦੱਸਿਆ ਕਿ ਸਿੱਧੂ ਮੂਸੇਵਾਲਾ ਨੇ ਆਪਣੀ ਹਿਫਾਜਤ ਲਈ ਬੁਲੇਟ ਪਰੂਫ ਜੈਕਟ ਲੈਣ ਲਈਵਿੱਕੀ ਮਾਨ ਨਾਲ ਸੰਪਰਕ ਕੀਤਾ ਸੀ। ਸਿੱਧੂ ਮੂਸੇਵਾਲਾ ਨੇ ਸਨੈਪਚੈਟ ਰਾਹੀਂ ਵਿੱਕੀ ਨੂੰ ਇੱਕ ਆਡੀਓ ਸੰਦੇਸ਼ ਭੇਜਿਆ ਤਾਂਵਿੱਕੀ ਮਾਨ ਨੇ ਉਸ ਤੋਂ ਪੁੱਛਿਆ ਸੀ ਕਿ ਉਸ ਨੂੰ ਕਿੰਦਾਂ ਦੀ ਬੁਲੇਟ ਪਰੂਫ ਜੈਕਟ ਦੀ ਜ਼ਰੂਰਤ ਹੈ, ਜਿਸ ਪਿੱਛੋਂ ਵਿੱਕੀ ਨੇ ਮੂਸੇਵਾਲਾ ਨੂੰ ਸਲਾਹ ਦਿੰਦਿਆਂ ਕਿਹਾ ਸੀ ਕਿ ਸਿੱਧੂ ਨੂੰ ਹਾਰਡ ਬਾਡੀ ਆਰਮਰ ਦੀ ਲੋੜ ਹੈ, ਪਰ ਸਿੱਧੂ ਨੇ ਇਸ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਹਾਰਡ ਬਾਡੀ ਆਰਮਰ ਨੂੰ ਲੰਬੇ ਸਮੇਂ ਤਕ ਨਹੀਂ ਪਾਇਆ ਜਾ ਸਕਦਾ। ਵਿੱਕੀ ਅਤੇ ਮੂਸੇਵਾਲਾ ਵਿਚਾਲੇ ਅਕਸਰ ਗੱਲਬਾਤ ਹੁੰਦੀ ਰਹਿੰਦੀ ਸੀ। ਸਿੱਧੂ ਅਕਸਰ ਕਿਸੇ ਰਾਈਫਲ ਜਾਂ ਹਥਿਆਰ ਬਾਰੇ ਜਾਣਕਾਰੀ ਲੈਣੀ ਹੋਵੇ ਤਾਂ ਵਿੱਕੀ ਨਾਲ ਸੰਪਰਕ ਕਰਦਾ ਸੀ। ਵਿੱਕੀ ਨਾਲ ਸਿੱਧੂ ਨੇ ਇੱਕ ਵੀਡੀਓ ਵੀ ਸ਼ੇਅਰ ਕੀਤੀ ਸੀ, ਜਿਸ ਵਿੱਚ ਇੱਕ ਸ਼ਖਸ ਇਸਰਾਈਲ ਦੀ ਬਣੀ ਰਾਈਫਲ ਦੀ ਵਰਤੋਂ ਕਰਦਾ ਹੈ। ਵਿੱਕੀ ਨੇਸੱਠਸਾਲ ਪੁਰਾਣੀ ਉਹ ਰਾਈਫਲ ਸਿੱਧੂ ਮੂਸੇਵਾਲਾ ਦੀ ਉਡੀਕ ਵਿੱਚ ਅੱਜ ਤਕ ਨਹੀਂ ਖੋਲ੍ਹੀ ਕਿ ਜਦੋਂ ਸਿੱਧੂ ਸਿਆਟਲ ਵਿੱਚ ਸ਼ੋਅ ਲਈ ਆਵੇਗਾ ਤਾਂ ਪਹਿਲਾਂ ਸਿੱਧੂ ਉਸ ਰਾਈਫਲ ਨੂੰ ਚਲਾਏਗਾ।

## ਅਕਾਲੀ ਦਲ ਨੇ 2014 ਵਿੱਚ ਬੀਬੀ ਕਮਲਦੀਪ ਖਿਲਾਫ ਦਲਬਦਲੂ ਉਮੀਦਵਾਰ ਖੜਾ ਕੀਤਾ ਸੀ



ਲੁਧਿਆਣਾ, 12 ਜੂਨ (ਪੋਸਟ ਬਿਊਰੋ)- ਲੋਕ ਸਭਾ ਹਲਕਾ ਸੰਗਰੂਰ ਦੀ ਉਪ ਚੋਣ ਬਾਰੇ ਆਮ ਆਦਮੀ ਪਾਰਟੀ ਵਿਰੁੱਧ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਮਾਨ ਵੱਲੋਂ ਅੱਡੀ-ਚੋਟੀ ਦੇ ਜ਼ੋਰ ਨਾਲ ਚੋਣ ਲੜੀ ਜਾ ਰਹੀ ਹੈ। ਇਸ ਚੋਣ ਵਿੱਚ ਅਕਾਲੀ ਦਲ ਦਾ ਕੋਈ ਰਾਜਨੀਤਕ ਦਾਅ ਚੱਲਦਾ ਨਾ ਦੇਖ ਕੇ ਪਾਰਟੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਬਿਆਨ ਨੂੰ ਆਧਾਰ ਬਣਾ ਕੇ ਪੰਥਕ ਦਲਾਂ ਦੇ ਸਾਂਝੇ ਉਮੀਦਵਾਰ ਵਜੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੂੰ ਆਪਣੇ ਚੋਣ ਨਿਸ਼ਾਨ ਉੱਤੇ ਚੋਣ ਮੈਦਾਨ ਵਿੱਚ ਉਤਾਰਿਆ ਹੈ, ਜੋ ਪਹਿਲਾਂ ਵੀ ਪੰਥਕ ਮੁੱਦਿਆਂ ਨੂੰ ਲੈ ਕੇ ਲੋਕ ਸਭਾ ਚੋਣ ਲੜ ਚੁੱਕੀ ਹੈ।

ਮਿਲੀ ਜਾਣਕਾਰੀ ਅਨੁਸਾਰ ਕਮਲਦੀਪ ਕੌਰ ਸਾਲ 2014 ਵਿੱਚ ਪੰਥਕ ਮੁੱਦਿਆਂ ਨਾਲ ਆਜ਼ਾਦ ਉਮੀਦਵਾਰ ਵਜੋਂ ਹਲਕਾ ਪਟਿਆਲਾ ਤੋਂ ਚੋਣ ਲੜ ਚੁੱਕੀ ਹੈ। ਉਸ ਚੋਣ ਵਿਚ ਅਕਾਲੀ ਦਲ ਨੇ ਕਮਲਦੀਪ ਕੌਰ ਦੇ ਵਿਰੁੱਧ ਕਾਂਗਰਸ ਤੋਂ ਆਏ ਦੀਪਇੰਦਰ ਸਿੰਘ ਢਿੱਲੋਂ ਨੂੰ ਉਮੀਦਵਾਰ ਬਣਾਇਆ ਸੀ। ਉਸ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਦੀ ਜਿੱਤ ਹੋਈ ਸੀ ਅਤੇ ਅਕਾਲੀ ਦਲ ਦੇ ਦੀਪਇੰਦਰ ਸਿੰਘ ਤੀਸਰੇ ਨੰਬਰ ਉੱਤੇ ਰਹੇ ਸਨ। ਬੀਬੀ ਕਮਲਦੀਪ ਕੌਰ ਨੂੰ ਓਦੋਂ ਸਿਰਫ 15,313 ਵੋਟਾਂ ਪਈਆਂ ਅਤੇ ਉਸ ਦੀ ਜ਼ਮਾਨਤ ਜ਼ਬਤ ਹੋ ਗਈ ਸੀ। ਇਸ ਵਾਰੀ ਬੀਬੀ ਕਮਲਦੀਪ ਕੌਰ ਅਕਾਲੀ ਦਲ ਦੀ ਉਮੀਦਵਾਰ ਹੈ ਅਤੇ ਉਹ ਪੰਥਕ ਦਲਾਂ ਦਾ ਸਮਰਥਨ ਦਾ ਦਾਅਵਾ ਕਰਦੀ ਹੈ।

## ਸਜ਼ਾ ਮੁੱਕਣ ਪਿੱਛੋਂ ਵੀ ਕੈਨੇਡੀਅਨ ਨਾਗਰਿਕ ਪੰਜਾਬਣ ਜੇਲ੍ਹ ਵਿੱਚ ਬੰਦ



ਚੰਡੀਗੜ੍ਹ, 12 ਜੂਨ (ਪੋਸਟ ਬਿਊਰੋ)- ਭਾਰਤੀ ਮੂਲ ਦੀ ਕੈਨੇਡੀਅਨ ਔਰਤ ਆਪਣੀ ਸਜ਼ਾ ਪੂਰੀ ਹੋਣ ਦੇ ਬਾਵਜੂਦ 11 ਮਹੀਨਿਆਂ ਤੋਂ ਜੇਲ੍ਹ ਵਿੱਚ ਬੰਦ ਹੈ। ਉਸ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਪਾ ਕੇ ਰਿਹਾਈ ਕਰਨ ਤੇ ਕੈਨੇਡਾ ਜਾਣ ਦੀ ਆਗਿਆ ਦੇਣ ਦੀ ਮੰਗ ਕੀਤੀ ਹੈ। ਇਸਪਟੀਸ਼ਨ ਉੱਤੇ ਜਸਟਿਸ ਰਾਜਮੋਹਨ ਸਿੰਘ ਨੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ 11 ਜੁਲਾਈ ਤਕ ਜਵਾਬ ਮੰਗਿਆ ਹੈ। ਇਸ ਬਾਰੇਅਦਾਲਤ ਨੇ ਪੁੱਛਿਆ ਹੈ ਕਿ ਪਟੀਸ਼ਨਰ ਆਪਣੀ ਸਜ਼ਾ ਪੂਰੀ ਕਰਨ ਤੋਂ 11 ਮਹੀਨਿਆਂ ਬਾਅਦ ਵੀ ਜੇਲ੍ਹ ਵਿੱਚ ਰਹਿਣ ਲਈ ਕਿਉਂ ਮਜਬੂਰ ਹੈ, ਅਜੇ ਤਕ ਉਸ ਨੂੰ ਕੈਨੇਡਾ ਭੇਜਣ ਦੀ ਕਾਰਵਾਈ ਕਿਉਂ ਨਹੀਂ ਕੀਤੀ।

ਪਟੀਸ਼ਨਰ 59 ਸਾਲਾ ਸਰਬਜੀਤ ਕੌਰ ਨੇ ਪਟੀਸ਼ਨ ਵਿੱਚ ਦੱਸਿਆ ਕਿ 1987 ਵਿੱਚ ਵਿਆਹ ਮਗਰੋਂ ਉਹ ਕੈਨੇਡਾ ਚਲੀ ਗਈ ਸੀ ਅਤੇ ਓਥੋਂ ਦੀ ਨਾਗਰਿਕ ਬਣ ਚੁੱਕੀ ਹੈ। ਇਸ ਦੌਰਾਨ ਉਸ ਦੇ ਪਿਤਾ ਦੀ ਮੌਤ ਮਗਰੋਂ ਉਸ ਦੀ ਮਾਂ ਅਤੇ ਚਾਚੇ ਨੇ ਵਿਆਹ ਕਰ ਲਿਆ ਸੀ।ਪਟੀਸ਼ਨਰ ਨੂੰ ਬਾਅਦ ਵਿੱਚ ਪਤਾ ਲੱਗਾ ਕਿ ਮਾਂ ਬਿਮਾਰ ਹੈ ਤਾਂ ਮਿਲਣ ਲਈ ਵਤਨ ਪਰਤੀ ਸੀ, ਉਸ ਦੇ ਵੀਜ਼ੇ ਦੀ ਮਿਆਦ 12 ਜੂਨ 2020 ਨੂੰ ਖਤਮ ਹੋ ਗਈ। ਜਾਇਦਾਦ ਦੇ ਰੌਲੇ ਕਾਰਨ ਉਸ ਦੇ ਮਤਰੇਏ ਬਾਪ ਨੇ ਇਸ ਦੀ ਸ਼ਿਕਾਇਤ ਕਰ ਦਿਤੀ। ਵੀਜ਼ਾ ਖਤਮ ਹੋਣ ਪਿੱਛੋਂ ਭਾਰਤ ਵਿੱਚ ਰਹਿਣ ਉੱਤੇ ਉਸ ਨੂੰ 11 ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਗਈ। ਸਜ਼ਾ ਵਿਰੁੱਧ ਅਪੀਲ ਹਾਈ ਕੋਰਟ ਵਿੱਚ ਹੈ, ਪਰ ਪਿਛਲੇ ਸਾਲ 10 ਜੂਨ ਨੂੰ ਉਸ ਦੀ ਸਜ਼ਾ ਪੂਰੀ ਹੋ ਗਈ ਸੀ, ਇਸ ਦੇ ਬਾਵਜੂਦ ਹਾਲੇ ਤੱਕ ਉਸ ਨੂੰ ਰਿਹਾਅ ਨਹੀਂ ਕੀਤਾ ਗਿਆ।

## ਸੁਨਿਆਰੇ ਤੋਂ 4 ਲੁਟੇਰਿਆਂ ਨੇ ਸੋਨੇ ਅਤੇ ਚਾਂਦੀ ਦੇ ਭਰੇ 3 ਬੈਗ ਲੁੱਟੇ

* 15 ਕਿਲੋ ਸੋਨਾ ਤੇ 25 ਕਿਲੋ ਚਾਂਦੀ ਲੈ ਗਏ ਲੁਟੇਰੇ

ਐਸ ਏ ਐਸ ਨਗਰ, 12 ਜੂਨ (ਪੋਸਟ ਬਿਊਰੋ)- ਖਰੜ-ਲਾਂਡਰਾਂ ਰੋਡ ਉੱਤੇ ਪ੍ਰੇਮ ਜਿਊਲਰ ਦੇ ਮਾਲਕ ਪਰਵੀਨ ਕੁਮਾਰ ਤੋਂ ਦੇਰ ਰਾਤ ਪਿਸਤੌਲ ਦਿਖਾ ਕੇ ਚਾਰ ਲੁਟੇਰਿਆਂ ਨੇ ਸੋਨੇ ਤੇ ਚਾਂਦੀ ਨਾਲ ਭਰੇ ਤਿੰਨ ਬੈਗ ਅਤੇ ਕੁਝ ਨਕਦੀ ਲੁੱਟ ਲਈ ਤੇ ਫਰਾਰ ਹੋ ਗਏ। ਘਟਨਾ ਦੇਰ ਸ਼ਾਮ 9.15 ਵਜੇ ਦੀ ਦੱਸੀ ਗਈ ਹੈ, ਜਦੋਂ ਪਰਵੀਨ ਕੁਮਾਰ ਆਪਣੀ ਦੁਕਾਨ ਬੰਦ ਕਰ ਕੇ ਆਪਣੇ ਘਰ ਜਾ ਰਿਹਾ ਸੀ। ਸੂਤਰਾਂ ਅਨੁਸਾਰ ਲੁਟੇਰਿਆਂ ਨੇ ਦਹਿਸ਼ਤ ਫੈਲਾਉਣ ਲਈ ਹਵਾ ਵਿੱਚ ਗੋਲੀਆਂ ਚਲਾਈਆਂ ਸਨ। ਸੁਨਿਆਰੇ ਦੀ ਪਤਨੀ ਨੇ ਲੁਟੇਰਿਆਂ ਦਾ ਪਿੱਛਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਲੁਟੇਰਿਆਂ ਨੇ ਉਸ ਉੱਤੇ ਹਮਲਾ ਕਰ ਦਿੱਤਾ। ਪਰਵੀਨ ਕੁਮਾਰ ਨੇ ਆਪਣੀ ਪਤਨੀ ਨੂੰ ਜ਼ਖਮੀ ਹੋਈ ਦੇਖ ਕੇ ਰੌਲਾ ਪਾਇਆ, ਪਰ ਹਮਲਾਵਰ ਭੱਜ ਗਏ। ਸੂਚਨਾ ਮਿਲਦੇ ਸਾਰ ਪੁਲਸ ਮੌਕੇ ਉੱਤੇ ਪੁੱਜੀ ਅਤੇ ਨੇੜਲੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਕਰ ਰਹੀ ਹੈ।

ਪੁਲਸ ਸੂਤਰਾਂ ਅਨੁਸਾਰ ਖਰੜ ਦੇਵਸਨੀਕਪਰਵੀਨ ਕੁਮਾਰ ਦੀ ਲਾਂਡਰਾਂ-ਖਰੜ ਰੋਡ ਉੱਤੇ ਪ੍ਰੇਮ ਜਿਊਲਰਜ਼ ਦੇ ਨਾਂਅ ਦੀ ਦੁਕਾਨ ਹੈ। ਉਹ ਰੋਜ਼ ਅੱਠ ਤੋਂ ਨੌਂ ਵਜੇ ਦੇ ਵਿਚਾਲੇ ਦੁਕਾਨ ਬੰਦ ਕਰ ਕੇ ਘਰ ਜਾਂਦਾ ਹੈ ਅਤੇ ਦੁਕਾਨ ਵਿੱਚ ਪਿਆ, ਸੋਨਾ ਚਾਂਦੀ, ਨਕਦੀ ਅਤੇ ਹੋਰ ਕੀਮਤੀ ਸਾਮਾਨ ਬੈਗਾਂ ਵਿੱਚ ਰੱਖ ਕੇ ਲੈ ਜਾਂਦਾ ਹੈ। ਕੱਲ੍ਹ ਦੇਰ ਰਾਤ ਕਰੀਬ 9.15 ਵਜੇ ਜਦੋਂ ਦੁਕਾਨ ਬੰਦ ਕਰ ਕੇ ਕਾਰ ਦੀ ਡਿੱਗੀ ਵਿੱਚ ਸੋਨੇ, ਚਾਂਦੀ ਅਤੇ ਨਕਦੀ ਨਾਲ ਭਰੇ ਤਿੰਨ ਬੈਗ ਰੱਖ ਰਿਹਾ ਸੀ ਤਾਂ ਚਾਰ ਨਕਾਬਪੋਸ਼ ਲੁਟੇਰੇ ਹੱਥਾਂ ਵਿੱਚ ਪਿਸਤੌਲ ਲੈ ਕੇ ਆਏ ਅਤੇ ਕਾਰ ਦੀ ਖੁੱਲ੍ਹੀ ਡਿੱਗੀ ਵਿੱਚੋਂ ਸੋਨੇ ਅਤੇ ਚਾਂਦੀ ਦੇ ਬੈਗ ਖੋਹ ਕੇ ਲੈ ਗਏ। ਪਰਵੀਨ ਦੀ ਪਤਨੀ ਮੋਨਿਕਾ ਨੇ ਪਿੱਛਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇੱਕ ਨੇ ਹਵਾ ਵਿੱਚ ਗੋਲੀਆਂ ਚਲਾ ਦਿੱਤੀਆਂ। ਪਰਵੀਨ ਕਮਾਰ ਦੇ ਦੱਸਣ ਅਨੁਸਾਰ ਬੈਗਾਂ ਵਿੱਚ 15 ਕਿਲੋ ਸੋਨਾ, 25 ਕਿਲੋ ਚਾਂਦੀ ਤੇ ਕੁਝ ਨਕਦੀ ਸੀ।


## ਦਿਨ ਦਿਹਾੜੇ ਘਰ ਤੋਂ ਨਕਦੀ, ਚਾਂਦੀ ਦੇ ਗਹਿਣੇ ਤੇ ਮੋਬਾਈਲ ਚੋਰੀ

ਨਕੋਦਰ, 12 ਜੂਨ (ਪੋਸਟ ਬਿਊਰੋ)- ਇਸ ਕਸਬੇ ਦੇ ਮੁਹੱਲਾ ਸੈਦਾਂ ਵਿੱ-ਚਡਾਕਟਰ ਚਾਂਦ ਖੁੱਲਰ ਦੇ ਘਰਤੋਂ ਚੋਰ ਦਿਨ ਦਿਹਾੜੇ ਘਰ ਦੀ ਅਲਮਾਰੀ ਵਿੱਚੋਂ ਨਕਦੀ, ਚਾਂਦੀ ਦੇ ਗਹਿਣੇ ਅਤੇ ਦੋ ਮੋਬਾਈਲ ਫੋਨ ਚੋਰੀ ਕਰਕੇ ਲੈ ਗਏ। ਚੋਰੀ ਦੀ ਇਸ ਘਟਨਾ ਬਾਰੇ ਪੁਲਸ ਨੂੰ ਸੂਚਨਾ ਦੇ ਦਿੱਤੀ ਗਈ ਹੈ।

ਇਸ ਬਾਰੇ ਡਾਕਟਰ ਗੀਤਾ ਖੁੱਲਰ ਨੇ ਦੱਸਿਆ ਕਿ ਉਹ ਰੋਜ਼ ਵਾਂਗ ਸ਼ੁੱਕਰਵਾਰ ਕੰਮ ਉੱਤੇ ਗਈ ਅਤੇ ਦੁਪਹਿਰ ਸਮੇਂ ਘਰ ਵਾਪਸ ਆ ਕੇਕੰਮਾਂ ਵਿੱਚ ਰੁਝ ਗਈ। ਰਾਤ ਵੇਲੇ ਜਦੋਂ ਉਸ ਨੇ ਕਮਰੇ ਵਿੱਚ ਲੱਗੇ ਤਾਲੇ ਨੂੰ ਚਾਬੀ ਨਾਲ ਖੋਲ੍ਹ ਕੇ ਕਮਰੇ ਵਾਲੀ ਅਲਮਾਰੀ ਖੋਲ੍ਹੀ ਤਾਂ ਅਲਮਾਰੀ ਦਾ ਸਾਮਾਨ ਫਰਸ਼ ਉੱਤੇਆ ਡਿੱਗਾ। ਉਸ ਵਿੱਚ ਪਏ ਚਾਂਦੀ ਦੇ ਗਹਿਣੇ, ਕਰੀਬ ਸੱਠ ਹਜ਼ਾਰ ਰੁਪਏ ਨਕਦੀ, ਦੋ-ਤਿੰਨ ਪਰਸ, ਦੋ ਮੋਬਾਈਲ ਫੋਨ, ਡੈਬਿਟ ਕਾਰਡ ਤੇ ਹੋਰ ਸਾਮਾਨ ਗਾਇਬ ਸੀ। ਹੈਰਾਨੀ ਦੀ ਗੱਲ ਸੀ ਕਿ ਦਰਾਜ ਵਿੱਚ ਰੱਖੀ ਚਾਬੀ, ਜਿਸ ਨਾਲ ਕਮਰੇ ਦਾ ਤਾਲਾ ਖੁੱਲ੍ਹਦਾ ਸੀ, ਉਥੇ ਪਈ ਸੀ। ਚੋਰਾਂ ਨੇ ਕਮਰੇ ਦਾ ਤਾਲਾ ਚਾਬੀ ਨਾਲ ਖੋਲ੍ਹ ਕੇ ਅਲਮਾਰੀ ਦੀ ਫੋਲਾ ਫਾਲੀ ਕਰ ਕੇ ਚੋਰੀ ਕਰਨ ਪਿੱਛੋਂ ਫੋਲਾ ਫਾਲੀ ਕੀਤਾ ਸਾਮਾਨ ਅਲਮਾਰੀ ਵਿੱਚ ਸੁੱਟ ਕੇ ਅਲਮਾਰੀ ਵੀ ਬੰਦ ਕਰ ਦਿੱਤੀ ਤੇ ਕਮਰੇ ਨੂੰ ਤਾਲਾ ਲਾ ਕੇ ਫਰਾਰ ਹੋ ਗਏ। ਚੋਰੀ ਦੀ ਘਟਨਾ ਦਾ ਸ਼ੁੱਕਰਵਾਰ ਰਾਤ ਨੂੰ ਪਤਾ ਲੱਗਾ ਜਦੋਂ ਉਨ੍ਹਾਂ ਨੇ ਤਾਲੇ ਲੱਗੇ ਕਮਰੇ ਨੂੰ ਖੋਲ੍ਹਿਆ।

## ਨਸ਼ੇ ਲਈ ਪੈਸੇ ਨਾ ਦੇਣ ਉਤੇ ਦਾਦੀ ਦੀ ਕੁੱਟ-ਕੁੱਟ ਕੇ ਹੱਤਿਆ


ਕਾਦੀਆਂ, 12 ਜੂਨ (ਪੋਸਟ ਬਿਊਰੋ)- ਪੰਜਾਬ ਵਿੱਚ ਨਸ਼ੇ ਲਈ ਆਪਣਿਆਂ ਦੇ ਕਤਲ ਕਰਨ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਅਜਿਹਾ ਇੱਕ ਮਾਮਲਾ ਪਿੰਡ ਨਾਥੂਪੁਰ ਵਿੱਚ ਸਾਹਮਣੇ ਆਇਆ ਹੈ, ਜਿੱਥੇ ਨਸ਼ੇ ਲਈ ਪੈਸੇ ਨਾ ਮਿਲਣ ਉੱਤੇ ਨੌਜਵਾਨ ਨੇ ਕੱਲ੍ਹ ਰਿਸ਼ਤੇ ਵਿੱਚ ਦਾਦੀ ਲੱਗਦੀ ਬਜ਼ੁਰਗ ਔਰਤ ਮਹਿੰਦਰ ਕੌਰ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਪੁਲਸ ਨੇ ਦੋਸ਼ੀ ਖਿਲਾਫ ਕਤਲ ਦਾ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਪਿੰਡ ਨਾਥੂਪੁਰ ਵਾਸੀ ਵੀਰ ਸਿੰਘ ਨੇ ਦੱਸਿਆ ਕਿ ਉਸ ਦੇ ਬੇਟੇ ਵਿਦੇਸ਼ ਵਿੱਚ ਹਨ। ਉਹ ਪਤਨੀ ਮਹਿੰਦਰ ਕੌਰ ਨਾਲ ਘਰ ਵਿੱਚ ਇਕੱਲੇ ਰਹਿੰਦੇ ਹਨ। ਰਿਸ਼ਤੇ ਵਿੱਚ ਪੋਤਰਾ ਲੱਗਦੇ 27 ਸਾਲਾ ਦੀਪ ਸਿੰਘ ਨੇ ਉਨ੍ਹਾਂ ਤੋਂ ਨਸ਼ੇ ਲਈ ਪੈਸੇ ਮੰਗੇ ਸਨ ਅਤੇ ਪੈਸੇ ਨਾ ਦੇਣ ਉੱਤੇ ਉਸ ਨੇ ਪਹਿਲਾਂ ਉਸ ਦੀ ਕੁੱਟਮਾਰ ਕੀਤੀ।






### ਆਮ ਨਾਗਰਿਕਾਂ ਦੀ ਹੱਤਿਆ ਦਾ ਮਾਮਲਾ:

## ਨਾਗਾਲੈਂਡ ਪੁਲਸ ਵੱਲੋਂ ਮੇਜਰ ਸਮੇਤ ਤੀਹ ਪੈਰਾ ਮਿਲਟਰੀ ਜਵਾਨਾਂ ਦੇ ਖਿਲਾਫ ਚਾਰਜਸ਼ੀਟ




ਦੀਮਾਪੁਰ, 12 ਜੂਨ (ਪੋਸਟ ਬਿਊਰੋ)- ਨਾਗਾਲੈਂਡ ਪੁਲਸ ਨੇ ਪਿਛਲੇ ਸਾਲ ਚਾਰ ਦਸੰਬਰ ਨੂੰ 13 ਆਮ ਨਾਗਰਿਕਾਂ ਦੀ ਹੱਤਿਆ ਲਈ 21 ਪੈਰਾ ਮਿਲਟਰੀ ਫੋਰਸ ਦੇ ਇੱਕ ਮੇਜਰ ਸਮੇਤ ਤੀਹ ਅਫਸਰਾਂ ਖਿਲਾਫ ਚਾਰਜਸ਼ੀਟ ਦਾਖਲ ਕੀਤੀ ਹੈ। ਇਨ੍ਹਾਂ ਵਿੱਚ ਦੋ ਸੂਬੇਦਾਰ, ਅੱਠ ਹੌਲਦਾਰ, ਚਾਰ ਨਾਇਕ, ਛੇ ਲਾਂਸ ਨਾਇਕ ਅਤੇ ਨੌਂ ਪੈਰਾਟਰੂਪਰ ਹਨ। ਚਾਰਜਸ਼ੀਟ ਵਿੱਚ ਜਵਾਨਾਂ ਉੱਤੇ ਹੱਤਿਆ ਅਤੇ ਗੈਰ ਇਰਾਦਾ ਹੱਤਿਆ ਦੇ ਦੋਸ਼ ਲਾਏ ਗਏ ਹਨ।

ਇਹ ਘਟਨਾ ਮੋਨ ਜ਼ਿਲ੍ਹੇ ਦੇ ਓਟਿੰਗ-ਤਿਰੂ ਇਲਾਕੇ ਵਿੱਚ ਹੋਈ ਸੀ। ਜਾਂਚ ਦੌਰਾਨ ਪਤਾ ਲੱਗਾ ਕਿ ਸਪੈਸ਼ਲ ਫੋਰਸ ਅਪਰੇਸ਼ਨ ਟੀਮ ਨੇ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਅਤੇ ਲੋਕਾਂ ਉੱਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਛੇ ਲੋਕਾਂ ਦੀ ਮੌਕੇ ਉੱਤੇ ਮੌਤ ਹੋ ਗਈ ਅਤੇ ਦੋ ਹੋਰ ਗੰਭੀਰ ਜ਼ਖਮੀ ਹੋ ਗਏ ਸਨ। ਇਸ ਮਗਰੋਂ ਹੋਈ ਹਿੰਸਾ ਵਿੱਚ ਇੱਕ ਪੈਰਾਟਰੂਪਰ ਦੀ ਮੌਤ ਹੋ ਗਈ ਅਤੇ 14 ਜਵਾਨ ਜ਼ਖਮੀ ਹੋ ਗਏ ਸਨ। ਮੇਜਰ ਨੇ ਰਾਤ 10 ਵਜੇ ਦੇ ਕਰੀਬ ਲੋਕਾਂ ਉੱਤੇ ਗੋਲੀਬਾਰੀ ਦੇ ਹੁਕਮ ਦਿੱਤੇ ਅਤੇ ਦੂਜੀ ਘਟਨਾ ਵਿੱਚ ਸਪੈਸ਼ਲ ਫੋਰਸ ਨੇ ਸੱਤ ਪਿੰਡ ਵਾਸੀ ਮਾਰ ਦਿੱਤੇ ਸਨ।

ਨਾਗਾਲੈਂਡ ਦੇ ਡੀ ਜੀ ਪੀ ਨੇ ਦੱਸਿਆ ਕਿ ਟਿਜ਼ਿਤ ਥਾਣੇਦੇ ਓਟਿੰਗ ਘਟਨਾ ਵਿੱਚ ਅੱਤਵਾਦੀਆਂ ਲਈ ਘਾਤ ਲਾ ਕੇ ਬੈਠੇ ਜਵਾਨਾਂ ਨੇ ਆਮ ਲੋਕਾਂ ਨੂੰ ਮਾਰ ਦਿੱਤਾ ਸੀ। ਫੌਜ ਦੇ ਅਣਪਛਾਤੇ ਵਿਅਕਤੀਆਂ ਖਿਲਾਫ ਧਾਰਾਵਾਂ 302, 304 ਅਤੇ 34 ਹੇਠ ਦੋਬਾਰਾ ਕੇਸ ਦਰਜ ਕਰ ਕੇ ਇਸ ਦੀ ਜਾਂਚ ਵਿਸ਼ੇਸ਼ ਜਾਂਚ ਟੀਮ ਹਵਾਲੇ ਕਰ ਦਿੱਤੀ ਸੀ। ਡੀ ਜੀ ਪੀ ਨੇ ਕਿਹਾ ਕਿ ਜਾਂਚ ਮੁਕੰਮਲ ਕਰ ਕੇ ਚਾਰਜਸ਼ੀਟ 30 ਮਈ ਨੂੰ ਮੋਨ ਦੀ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਵਿੱਚ ਪੇਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਫੌਜੀ ਮਾਮਲਿਆਂ ਬਾਰੇ ਵਿਭਾਗ ਕੋਲ ਇਨ੍ਹਾਂ ਜਵਾਨਾਂ ਦੀ ਸਜ਼ਾ ਦੀ ਮਨਜ਼ੂਰੀ ਲਈ ਰਿਪੋਰਟ ਭੇਜੀ ਹੈ, ਜਿਸ ਦੀ ਉਡੀਕ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਇਸ ਘਟਨਾ ਮਗਰੋਂ ਮੋਨ ਕਸਬੇ ਵਿੱਚ ਲੋਕਾਂ ਨੇ ਵਿਰੋਧ ਪ੍ਰਦਰਸ਼ਨ ਕੀਤੇ ਸਨ ਅਤੇ ਨਾਗਾਲੈਂਡ ਵਿੱਚੋਂ ਅਫਸਪਾ (ਫੌਜਾਂ ਬਾਰੇ ਸਪੈਸ਼ਲ ਕਾਨੂੰਨ) ਹਟਾਉਣ ਦੀ ਮੰਗ ਜ਼ੋਰ ਫੜ ਗਈ ਸੀ।

# ਉਦਘਾਟਨ ਦੌਰਾਨ ਹੀ ਪੁਲ ਟੁੱਟਾ, ਮੇਅਰ ਸਮੇਤ ਦੋ ਦਰਜਨ ਤੋਂ ਵੱਧ ਲੋਕ ਨਾਲੇ ਵਿੱਚ ਜਾ ਡਿੱਗੇ



ਮੈਕਸੀਕੋ ਸਿਟੀ, 12 ਜੂਨ (ਪੋਸਟ ਬਿਊਰੋ)- ਮੈਕਸੀਕੋ ਵਿੱਚ ਇੱਕ ਫੁੱਟ ਬਰਿਜ ਉਦਘਾਟਨ ਵੇਲੇ ਹੀ ਡਿੱਗ ਗਿਆ ਅਤੇ ਕਈ ਲੋਕ ਇਸ ਕਾਰਨ ਹੇਠਾਂ ਨਾਲੇ ਵਿੱਚ ਜਾ ਡਿੱਗੇ ਸਨ। ਮੀਡੀਆ ਰਿਪੋਰਟਾਂ ਮੁਤਾਬਕ ਕੁਏਰਨਾਵਾਕਾ ਦੇ ਮੇਅਰ, ਉਨ੍ਹਾਂ ਦੀ ਪਤਨੀ ਸਮੇਤ ਦੋ ਦਰਜਨ ਤੋਂ ਵੱਧ ਲੋਕ ਹੇਠਾਂ ਨਾਲੇ ਵਿੱਚ ਡਿੱਗ ਪਏ।ਇਸ ਘਟਨਾ ਵਿੱਚ ਅੱਠ ਲੋਕ ਗੰਭੀਰ ਜ਼ਖਮੀ ਹੋਏ, ਜਿਸ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ।

ਵਰਨਣ ਯੋਗ ਹੈ ਕਿ ਇਸ ਪੁਲ ਨੂੰ ਲੱਕੜ ਦੇ ਬੋਰਡ ਅਤੇ ਧਾਤੂ ਦੀਆਂ ਜੰਜ਼ੀਰਾਂ ਨਾਲ ਬਣੇ ਹੈਂਗਿੰਗ ਪੁਲ ਵਜੋਂ ਡਿਜ਼ਾਈਨ ਕੀਤਾ ਗਿਆ ਸੀ, ਜੋ ਉਦਘਾਟਨ ਦੌਰਾਨ ਡਿੱਗ ਗਿਆ। ਘਟਨਾ ਦੀ ਇੱਕ ਵੀਡੀਓ ਸਾਹਮਣੇ ਆਈ ਹੈ, ਜਿਸ ਵਿੱਚ ਕਈ ਲੋਕ ਪੁਲ ਸਮੇਤ ਹੇਠਾਂ ਡਿੱਗਦੇ ਨਜ਼ਰਆ ਰਹੇ ਹਨ। ਜੰਜ਼ੀਰਾਂ ਨਾਲੋਂ ਬੋਰਡ ਦੇ ਵੱਖ ਹੋਣ ਕਾਰਨ ਇਹ ਹਾਦਸਾ ਵਾਪਰਿਆ।ਪੁਲ ਦੇ ਢਹਿਣ ਕਾਰਨ ਨਗਰ ਕੌਂਸਲ ਦੇ ਮੈਂਬਰਾਂ ਤੇ ਲੋਕਲ ਅਧਿਕਾਰੀ ਲਗਭਗ 10 ਫੁੱਟ ਹੇਠਾਂ ਨਾਲੇ ਵਿੱਚ ਡਿੱਗ ਗਏ। ਇਸ ਬਾਰੇ ਮੋਰੇਲੋਸ ਰਾਜ ਦੇ ਗਵਰਨਰ ਨੇ ਕਿਹਾ ਕਿ ਪੁਲ ਸਮੇਤ ਹੇਠਾਂ ਡਿੱਗਣ ਵਾਲਿਆਂ ਵਿੱਚ ਮੇਅਰ, ਉਸ ਦੀ ਪਤਨੀ, ਕਈ ਅਧਿਕਾਰੀ ਅਤੇ ਪੱਤਰਕਾਰ ਸ਼ਾਮਲਸਨ। ਰਿਪੋਰਟਾਂ ਮੁਤਾਬਕ ਮੇਅਰ ਨੂੰ ਵੀ ਹਸਪਤਾਲ ਲਿਜਾਇਆ ਗਿਆ ਸੀ। ਉਨ੍ਹਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਸਨ ਅਤੇ ਉਹ ਖਤਰੇ ਤੋਂ ਬਾਹਰ ਹੈ। ਮੰਨਿਆ ਜਾ ਰਿਹਾ ਹੈ ਕਿ ਪੁਲ ਉੱਤੇ ਸਮਰੱਥਾ ਤੋਂ ਵੱਧ ਲੋਕ ਚੜ੍ਹਨ ਕਾਰਨ ਇਹ ਘਟਨਾ ਵਾਪਰੀ ਹੈ।

## ਦਿੱਲੀ ਦੇ ਰੋਹਿਣੀ ਵਾਲੇ ਹਸਪਤਾਲ ਵਿੱਚ ਅੱਗ ਕਾਰਨ ਮਰੀਜ਼ ਦੀ ਮੌਤ



ਨਵੀਂ ਦਿੱਲੀ, 12 ਜੂਨ (ਪੋਸਟ ਬਿਊਰੋ)- ਦਿੱਲੀ ਦੇ ਰੋਹਿਣੀ ਵਿਚਲੇ ਇੱਕ ਹਸਪਤਾਲ ਦੇ ਆਈ ਸੀ ਯੂ ਵਾਰਡ ਵਿੱਚ ਕੱਲ੍ਹ ਸਵੇਰੇ ਅੱਗ ਲੱਗ ਜਾਣ ਕਾਰਨ ਇੱਕ ਮਰੀਜ਼ ਦੀ ਮੌਤ ਹੋ ਗਈ।

ਫਾਇਰ ਬ੍ਰਿਗੇਡ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਰੋਹਿਣੀ ਦੇ ਬ੍ਰਹਮਾ ਸ਼ਕਤੀ ਹਸਪਤਾਲ ਦੀ ਤੀਜੀ ਮੰਜ਼ਿਲ ਉੱਤੇ ਅੱਗ ਲੱਗਣ ਦੀ ਸੂਚਨਾ ਸਵੇਰੇ ਪੰਜ ਵਜੇ ਮਿਲੀ ਤਾਂ ਮੌਕੇ ਉੱਤੇ ਫਾਇਰ ਬ੍ਰਿਗੇਡ ਦੀਆਂ ਨੌਂ ਗੱਡੀਆਂ ਭੇਜੀਆਂ ਸਨ।ਦਿੱਲੀ ਫਾਇਰ ਬ੍ਰਿਗੇਡ ਸੇਵਾ ਦੇ ਡਾਇਰੈਕਟਰ ਨੇ ਦੱਸਿਆ ਕਿ ਇੱਕ ਮਰੀਜ਼ ਨੂੰ ਛੱਡ ਕੇ ਸਾਰਿਆਂ ਨੂੰ ਸੁਰੱਖਿਅਤ ਕੱਢ ਲਿਆ ਸੀ। ਉਨ੍ਹਾਂ ਦੱਸਿਆ ਕਿ ਇੱਕ 64 ਸਾਲਾ ਮਰੀਜ਼ ਵੈਂਟੀਲੇਟਰ ਉੱਤੇ ਸੀ ਅਤੇ ਆਕਸੀਜਨ ਸਪਲਾਈ ਬੰਦ ਹੋਣ ਕਾਰਨ ਉਸ ਦੀ ਮੌਤ ਹੋ ਗਈ। ਪ੍ਰੇਮ ਨਗਰ ਨਿਵਾਸੀ ਇਹ ਮਰੀਜ਼ ਗੁਰਦੇ ਦਾ ਮਰੀਜ਼ ਸੀ। ਉਸ ਨੂੰ ਅੱਗ ਵਿੱਚੋਂ ਕੱਢ ਲਿਆ ਸੀ, ਪਰ ਆਕਸੀਜਨ ਦੀ ਸਪਲਾਈ ਬੰਦ ਹੋਣ ਕਾਰਨ ਉਸ ਦੀ ਮੌਤ ਹੋ ਗਈ। ਹਸਪਤਾਲ ਵਿੱਚ ਅੱਗ ਬੁਝਾਉਣ ਵਾਲਾ ਕੋਈ ਸਾਮਾਨ ਮੌਜੂਦ ਨਹੀਂ ਸੀ ਅਤੇ ਅੱਗ ਲੱਗਣ ਸਮੇਂ ਬਾਹਰ ਜਾਣ ਦਾ ਦਰਵਾਜ਼ਾ ਬੰਦ ਸੀ।

## ਤੰਦਰੁਸਤ ਬੱਚੇ ਦੀ ਮਾਂ ਦੀ ਝੋਲੀ ਵਿੱਚ ਮਰਿਆ ਬੱਚਾ ਪਾ ਦਿੱਤਾ

### * ਅਦਾਲਤ ਨੇ ਤਿੰਨ ਸਾਲ ਪਿੱਛੋਂ ਡੀ ਐਨ ਏ ਜਾਂਚ ਮਗਰੋਂ ਮਾਂ ਨੂੰ ਸੌਂਪਿਆ



ਬਾਰਪੇਟਾ, 12 ਜੂਨ (ਪੋਸਟ ਬਿਊਰੋ)- ਅਸਾਮ ਦੇ ਬਾਰਪੇਟਾ ਜ਼ਿਲ੍ਹੇ ਦੀ ਇੱਕ ਅਦਾਲਤ ਨੇ ਇੱਕ ਔਰਤ ਦਾ ਤਿੰਨ ਸਾਲ ਪਿੱਛੋਂ ਆਪਣੇ ਬੇਟੇ ਨਾਲ ਮੁੜ ਮਿਲਾਪ ਕਰਾਇਆ ਹੈ, ਜਿਸ ਨੂੰ ਜਨਮ ਦੇ ਬਾਅਦ ਆਪਣੀ ਮਾਂ ਤੋਂ ਵੱਖ ਕਰ ਦਿੱਤਾ ਗਿਆ ਸੀ। ਇੱਕੋ ਹਸਪਤਾਲ ਵਿੱਚ ਭਰਤੀ ਇੱਕ ਹੀ ਨਾਂਅ ਦੀਆਂ ਦੋ ਔਰਤਾਂ ਨੂੰ ਲੈ ਕੇ ਨਰਸ ਦੀ ਗਲਤਫਹਿਮੀ ਦੇ ਕਾਰਨ ਇਹ ਮਾਮਲਾ ਖੜ੍ਹਾ ਹੋਇਆ ਹੈ। ਇਸ ਦੇ ਬਾਅਦ ਇੱਕ ਮਾਂ ਨੇ ਇਸ ਮਾਮਲੇ ਨੂੰ ਲੈ ਕੇ ਪੁਲਸ ਦਾ ਰੁਖ਼ ਕੀਤਾ ਅਤੇ ਆਖਰ ਡੀ ਐਨ ਏ ਜਾਂਚ ਦੀ ਮਦਦ ਨਾਲ ਇਹ ਮਾਮਲਾ ਸੁਲਝਾਇਆ ਗਿਆ।

ਬਾਰਪੇਟਾ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਸ਼ੁੱਕਰਵਾਰ ਨੂੰ ਹੁਕਮ ਦਿੱਤਾ ਕਿ ਤਿੰਨ ਸਾਲ ਦੇ ਲੜਕੇ ਨੂੰ ਇਸੇ ਜ਼ਿਲ੍ਹੇ ਦੀ ਉਸ ਦੀ ਬਾਇਲੋਜੀਕਲ ਮਾਂ ਨਜ਼ਮਾ ਖਾਨਮ ਨੂੰ ਸੌਂਪ ਦਿੱਤਾ ਜਾਏ। ਨਜ਼ਮਾ ਖਾਨਮ ਨੇ ਤਿੰਨ ਮਾਰਚ 2019 ਨੂੰ ਫਖਰੂਦੀਨ ਅਲੀ ਅਹਿਮਦ ਮੈਡੀਕਲ ਕਾਲਜ ਹਸਪਤਾਲ ਵਿੱਚ ਲੜਕੇ ਨੂੰ ਜਨਮ ਦਿੱਤਾ ਸੀ। ਉਸ ਨੂੰ ਡਲਿਵਰੀ ਵੇਲੇ ਆਈ ਸੀ ਯੂ ਵਿੱਚ ਭਰਤੀ ਕਰਾਇਆ ਗਿਆ ਤੇ ਬੱਚੇ ਨੂੰ ਨਵਜਨਮੇ ਬੱਚਿਆਂ ਦੇ ਕਮਰੇ ਵਿੱਚ ਰੱਖਿਆ ਗਿਆ। ਹਸਪਤਾਲ ਪ੍ਰਸ਼ਾਸਨ ਨੇ ਅਗਲੇ ਦਿਨ ਨਜ਼ਮਾ ਖਾਨਮ ਦੇ ਪਤੀ ਨੂੰ ਦੱਸਿਆ ਕਿ ਉਸ ਦੇ ਬੇਟੇ ਦੀ ਮੌਤ ਹੋ ਗਈ ਹੈ। ਜੋੜੇ ਨੇ ਇਸ ਨੂੰ ਨਹੀਂ ਮੰਨਿਆ ਕਿਉਂਕਿ ਉਨ੍ਹਾਂ ਦਾ ਬੇਟਾ ਜਨਮ ਦੇ ਸਮੇਂ ਤੰਦਰੁਸਤ ਸੀ। ਉਨ੍ਹਾਂ ਨੇ ਹਸਪਤਾਲ ਖਿਲਾਫ ਬਾਰਪੇਟਾ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ।ਜਾਂਚ ਦੌਰਾਨ ਪੁਲਸ ਨੇ ਇਹ ਪਤਾ ਲਾਇਆ ਕਿ ਗੋਸਾਈਗਾਂਉਂ ਦੀ ਨਜ਼ਮਾ ਖਾਤੂਨ ਨੇ ਉਸੇ ਦਿਨ ਉਸੇ ਹਸਪਤਾਲ ਵਿੱਚ ਬਹੁਤ ਗੰਭੀਰ ਹਾਲਤ ਵਿੱਚ ਆਪਣੇ ਨਵਜੰਮੇ ਬੱਚੇ ਨੂੰ ਭਰਤੀ ਕਰਾਇਆ ਸੀ ਅਤੇ ਉਸ ਦੀ ਉਸੇ ਦਿਨ ਮੌਤ ਹੋ ਗਈ ਸੀ। ਡਿਊਟੀ ਉੱਤੇ ਮੌਜੂਦ ਨਰਸ ਦੋਵਾਂ ਬੱਚਿਆਂ ਬਾਰੇ ਉਲਝਣ ਵਿੱਚ ਸੀ ਤੇ ਉਸ ਨੇ ਮ੍ਰਿਤਕ ਬੱਚਾ ਨਜ਼ਮਾ ਖਾਨਮ ਦੇ ਪਤੀ ਨੂੰ ਸੌਂਪ ਦਿੱਤਾ। ਕੋਰਟ ਨੇ ਫੈਸਲੇ ਵਿੱਚ ਕਿਹਾ ਕਿ ਲੜਕੇ ਦੇ ਜੈਵਿਕ ਮਾਤਾ-ਪਿਤਾ ਦਾ ਪਤਾ ਡੀ ਐਨ ਏ ਜਾਂਚ ਦੇ ਨਾਲ ਲਾਇਆ ਗਿਆ, ਜਿਸ ਨੂੰ ਉਸ ਦੇ ਅਸਲੀ ਮਾਤਾ-ਪਿਤਾ ਨੂੰ ਸੌਂਪ ਦਿੱਤਾ ਹੈ।

## ਅਮਰੀਕਾ ਵਿੱਚ ਬਜ਼ੁਰਗਾਂ ਨੂੰ ਠੱਗਣ ਵਾਲੇ ਭਾਰਤੀ ਖਿਲਾਫ ਦੋਸ਼ ਪੱਤਰ ਦਾਇਰ



ਨਿਊ ਯਾਰਕ, 12 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਜਸਟਿਸ ਡਿਪਾਰਟਮੈਂਟ ਨੇ ਦੱਸਿਆ ਕਿ ਬਜ਼ੁਰਗਾਂ ਨਾਲ ਧੋਖਾ ਕਰਨ ਵਾਲੇ ਅਤੇ ਉਨ੍ਹਾਂ ਨੂੰ ਧਮਕੀ ਦੇਣ ਵਾਲੇ ਭਾਰਤੀ ਗੈਂਗ ਖਿਲਾਫ ਜਾਰੀ ਕਾਰਵਾਈ ਹੇਠ ਇੱਕ ਭਾਰਤੀ ਖਿਲਾਫ ਦੋਸ਼ ਪੱਤਰ ਦਰਜ ਕੀਤਾ ਗਿਆ ਅਤੇ ਅਦਾਲਤੀ ਕਾਰਵਾਈ ਸ਼ੁਰੂ ਕੀਤੀ ਗਈ ਹੈ।

ਦੱਖਣੀ ਟੈਕਸਾਸ ਦੀ ਸਰਕਾਰੀ ਵਕੀਲ ਜੈਨੀਫਰ ਲਾਰੀ ਨੇ ਦੱਸਿਆ ਕਿ 24 ਸਾਲਾ ਭਾਰਤੀ ਨਾਗਰਿਕ ਅਨਿਰੁੱਧ ਕਾਲਕੋਤੇ ਖਿਲਾਫ ਬਜ਼ੁਰਗਾਂ ਨਾਲ ਧੋਖਾ ਕਰਨ ਦੀ ਦੇਸ਼ਵਿਆਪੀ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦਾ ਦੋਸ਼ ਲਾਇਆ ਗਿਆ ਹੈ। ਅਨਿਰੁੱਧ ਸਰਜੀਨੀਆ ਦੀ ਜੇਲ੍ਹ ਵਿੱਚ ਬੰਦ ਸੀ ਅਤੇ ਉਸ ਨੂੰ ਹਿਊਸਟਨ ਦੀ ਅਦਾਲਤ ਵਿੱਚ ਪੇਸ਼ੀ ਲਈ ਲਿਆਂਦਾ ਸੀ। ਉਸ ਦੇ ਨਾਲ 25 ਸਾਲਾ ਮੁਹੰਮਦ ਆਜ਼ਾਦ ਖਿਲਾਫ ਕੇਸ ਦਰਜ ਹੋਇਆ ਹੈ। ਇਹ ਹਿਊਸਟਨ ਵਿੱਚ ਗੈਰ ਕਾਨੂੰਨੀ ਤੌਰ ਉੱਤੇ ਰਹਿੰਦਾ ਸੀ। ਉਸ ਦੀ ਨਾਗਰਿਕਤਾ ਦੀ ਅਜੇ ਜਾਣਕਾਰੀ ਨਹੀਂ ਅਤੇ ਉਸ ਨੂੰ ਅਗਸਤ 2020 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਇਨ੍ਹਾਂ ਉੱਤੇ ਦੋਸ਼ ਹੈ ਕਿ ਇਹ 2019-20 ਦੌਰਾਨ ਕਈ ਸ਼ਹਿਰਾਂ ਵਿੱਚ ਫਰਾਡਰਿੰਗ ਚਲਾ ਰਹੇ ਸਨ ਤੇ ਬਜ਼ੁਰਗਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਸਨ। ਜਸਟਿਸ ਨੇ ਦੱਸਿਆ ਕਿ ਹਿਊਸਟਨ ਵਿੱਚ ਗੈਰ ਕਾਨੂੰਨੀ ਢੰਗ ਰਹਿਣ ਵਾਲੇ 24 ਸਾਲਾ ਸੁਮਿਤ ਕੁਮਾਰ ਸਿੰਘ, 24 ਸਾਲ ਦੇ ਹਿਮਾਂਸ਼ੂ ਕੁਮਾਰ ਤੇ 26 ਸਾਲਾ ਮੁਹੰਮਦ ਹਾਸਿਬ ਨੇ ਅਦਾਲਤ ਵਿੱਚ ਕਬੂਲ ਕੀਤਾ ਹੈ ਕਿ ਉਹ ਇਸ ਗੈਂਗ ਦਾ ਹਿੱਸਾ ਸਨ। ਇਨ੍ਹਾਂ ਨੂੰ ਅਜੇ ਸਜ਼ਾ ਨਹੀਂ ਸੁਣਾਈ ਗਈ। ਇਹ ਗੈਂਗ ਪੀੜਤਾਂ ਨੂੰ ਵੱਖ-ਵੱਖ ਬਹਾਨੇ ਨਾਲ ਪੈਸੇ ਭੇਜਣ ਲਈ ਕਹਿੰਦਾ ਸੀ। ਇਨ੍ਹਾਂ ਉੱਤੇ ਦੋਸ਼ ਹੈ ਕਿ ਇਹ ਕਦੇ ਕੰਪਿਊਟਰ ਠੀਕ ਕਰਨ ਦੇ ਬਹਾਨੇ ਨਾਲ ਪੀੜਤ ਦੀ ਸਾਰੀ ਡਿਟੇਲ ਚੋਰੀ ਕਰ ਲੈਂਦੇ ਸਨ। ਕਦੇ ਕਦੇ ਉਹ ਪੀੜਤ ਨੂੰ ਕਹਿੰਦੇ ਸਨ ਕਿ ਉਨ੍ਹਾਂ ਨੇ ਕਿਸੇ ਚੀਜ਼ ਲਈ ਜ਼ਿਆਦਾ ਭੁਗਤਾਨ ਕਰ ਦਿੱਤਾ ਹੈ ਤਾਂ ਉਨ੍ਹਾਂ ਨੂੰ ਪੈਸੇ ਵਾਪਸ ਭੇਜਣੇ ਹਨ। ਫਿਰ ਉਹ ਪੀੜਤ ਦੀ ਸਾਰੀ ਡਿਟੇਲ ਲੈ ਲੈਂਦੇ ਸਨ। ਉਨ੍ਹਾਂ ਨੇ ਕਈ ਵਾਰ ਪੀੜਤਾਂ ਨੂੰ ਸਰੀਰਕ ਨੁਕਸਾਨ ਪਹੁੰਚਾਉਣ ਵੀ ਧਮਕੀ ਦਿੱਤੀ ਸੀ।

## ਰੋਹਿੰਗਿਆਂ ਲੋਕਾਂ ਬਾਰੇ ਬੰਗਲਾ ਦੇਸ਼ ਵਿੱਚ ਵੀ ਚਿੰਤਾ ਵਧਣ ਲੱਗੀ



ਕਾਕਸ ਬਾਜ਼ਾਰ (ਬੰਗਲਾ ਦੇਸ਼), 12 ਜੂਨ (ਪੋਸਟ ਬਿਊਰੋ)- ਰੋਹਿੰਗਿਆ ਸ਼ਰਨਾਰਥੀਆਂ ਬਾਰੇ ਜਿਹੜੀ ਚਿੰਤਾ ਭਾਰਤ ਦੀਆਂ ਸੁਰੱਖਿਆ ਏਜੰਸੀਆਂ ਅਤੇ ਸਮਾਜ ਦੇ ਇੱਕ ਵੱਡੇ ਵਰਗ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਦਿਖਾਈ ਦਿੱਤੀ, ਉਹੀ ਚਿੰਤਾ ਬੰਗਲਾ ਦੇਸ਼ ਵਿੱਚ ਵੀ ਸਾਫ ਦਿਖਾਈ ਦੇਣ ਲੱਗੀ ਹੈ।

ਪਿਛਲੇ ਸਾਢੇ ਚਾਰ ਸਾਲਾਂ ਤੋਂ ਬੰਗਲਾ ਦੇਸ਼ ਦੇ ਕਾਕਸ ਬਾਜ਼ਾਰ ਇਲਾਕੇ ਦੇ ਦੋ ਦਰਜਨ ਤੋਂ ਵੱਧ ਕੈਂਪਾਂ ਵਿੱਚ ਰਹਿ ਰਹੇ ਇਨ੍ਹਾਂ ਸ਼ਰਨਾਰਥੀਆਂ ਦੀ ਵਧਦੀ ਆਬਾਦੀ ਤੇ ਸਥਾਨਕ ਕਾਨੂੰਨ ਵਿਵਸਥਾ ਬਾਰੇ ਵਧਦੀਆਂ ਚੁਣੌਤੀਆਂ ਕਾਰਨ ਇੱਥੋਂ ਦੀਆਂ ਸੁਰੱਖਿਆ ਏਜੰਸੀਆਂ ਤੇ ਸਥਾਨਕ ਸਮਾਜ ਦੇ ਲੋਕ ਚਿੰਤਤ ਹਨ।ਇੱਕ ਪੱਤਰਕਾਰ ਨੇ ਜਦੋਂ ਸ਼ਰਨਾਰਥੀ ਕੈਂਪਾਂ ਦਾ ਦੌਰਾ ਕੀਤਾ ਤੇ ਸਥਾਨਕ ਅਧਿਕਾਰੀਆਂ ਤੋਂ ਪਤਾ ਲੱਗਾ ਕਿ ਹਾਲੇ ਵੀ ਕੁਝ ਸ਼ਰਨਾਰਥੀ ਰੋਜ਼ ਉਤਰ-ਪੂਰਬੀ ਰਾਜਾਂ ਵੱਲੋਂ ਭਾਰਤ ਵਿੱਚ ਦਾਖਲ ਹੋ ਰਹੇ ਹਨ। ਕੈਂਪ ਵਿੱਚ ਭਾਰਤ ਵਿੱਚ ਛੇ ਤੋਂ ਅੱਠ ਸਾਲ ਬਿਤਾਉਣ ਪਿੱਛੋਂ ਬੰਗਲਾ ਦੇਸ਼ ਮੁੜਨ ਵਾਲੇ ਸ਼ਰਨਾਰਥੀਆਂ ਦੀ ਗਿਣਤੀ ਵੀ ਘੱਟ ਨਹੀਂ। ਬੰਗਲਾ ਦੇਸ਼ ਸੁਰੱਖਿਆ ਏਜੰਸੀ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਦੁਨੀਆ ਦੇ ਸੌ ਤੋਂ ਵੱਧ ਐਨ ਜੀ ਓ ਇਨ੍ਹਾਂ ਸ਼ਰਨਾਰਥੀਆਂ ਲਈ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਬੰਗਲਾ ਦੇਸ਼ ਸਰਕਾਰ ਵੀ ਇਨ੍ਹਾਂ ਨੂੰ ਹਰ ਤਰ੍ਹਾਂ ਦੀ ਮਦਦ ਦੇਂਦੀ ਹੈ। ਹਰ ਪਰਵਾਰ ਨੂੰ ਮੋਟੇ ਤੌਰ ਉੱਤੇ 1100 ਟਕਾ ਪ੍ਰਤੀ ਮਹੀਨਾ ਪ੍ਰਤੀ ਜੀਅ ਦੇ ਹਿਸਾਬ ਭੱਤਾ ਮਿਲਦਾ ਹੈ ਅਤੇ ਸਿਹਤ ਸਹੂਲਤ, ਮਾਤ ਭੱਤਾ, ਨਵਜਾਤ ਬੱਚਾ ਭੱਤਾ ਆਦਿ ਵੀ ਮਿਲਦਾ ਹੈ। ਅਜਿਹੇ ਵਿੱਚ ਹਰ ਜੋੜਾ ਆਪਣੇ ਪਰਵਾਰ ਦੀ ਗਿਣਤੀ ਵਧਾਉਣ ਵਿੱਚ ਲੱਗਾ ਹੈ ਤਾਂ ਜੋ ਉਨ੍ਹਾਂ ਨੂੰ ਜ਼ਿਆਦਾ ਰਕਮ ਮਿਲੇ।

## ਤਾਲਿਬਾਨ ਨੇ ਪੁਲਸ ਫੋਰਸ ਲਈ ਨਵੀਂ ਵਰਦੀ ਲਿਆਂਦੀ

ਕਾਬੁਲ, 12 ਜੂਨ (ਪੋਸਟ ਬਿਊਰੋ)- ਅਫ਼ਗਾਨਿਸਤਾਨ ਵਿੱਚ ਤਾਲਿਬਾਨ ਦੀ ਅਗਵਾਈ ਵਾਲੀ ਸਰਕਾਰ ਨੇ ਲੱਗਭਗ 10 ਮਹੀਨੇ ਬਾਅਦ ਪੁਲਸ ਫ਼ੋਰਸ ਲਈ ਨਵੀਂ ਵਰਦੀ ਜਾਰੀ ਕੀਤੀ ਹੈ। ਨਵੀਂ ਵਰਦੀ ਪਹਿਲਾਂ ਹਾਲ ਦੀ ਘੜੀ ਸਿਰਫ ਕਾਬੁਲ ਅਤੇ ਕੰਧਾਰ ਸੂਬਿਆਂ ਵਿੱਚ ਹੀ ਵੰਡੀ ਜਾਏਗੀ।

ਅੰਦਰੂਨੀ ਮਾਮਲਿਆਂ ਦੇ ਉਪ ਮੰਤਰੀ ਮਾਵਲਵੀ ਨੂਰ ਜਲਾਲ ਜਲਾਲੀ ਨੇ ਕਿਹਾ ਕਿ ਵਰਦੀ ਦਾ ਮੁੱਦਾ ਸੁਰੱਖਿਆ ਲਈ ਬਹੁਤ ਅਹਿਮ ਹੈ। ਜਦੋਂ ਵਰਦੀ ਨਹੀਂ ਹੁੰਦੀ ਤਾਂ ਲੋਕਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਸੁਰੱਖਿਆ ਨਾਲ ਸਬੰਧਤਕੌਣ ਲੋਕ ਹਨ, ਅਜਿਹੇ ਵਿੱਚ ਧੋਖੇਬਾਜ਼ ਲੋਕ ਆਮ ਨਾਗਰਿਕਾਂ ਦੀ ਅਸੁਰੱਖਿਆ ਦਾ ਕਾਰਨ ਬਣਦੇ ਹਨ। ਕਾਬੁਲ ਅਤੇ ਕੰਧਾਰ ਸੂਬਿਆਂ ਵਿੱਚ ਪੁਲਸ ਨੂੰ 20,000 ਨਵੀਆਂ ਵਰਦੀਆਂ ਵੰਡੀਆਂ ਗਈਆਂ ਹਨ ਅਤੇ ਨੇੜਲੇ ਭਵਿੱਖ ਵਿੱਚ 1,00,000 ਵਰਦੀਆਂ ਦਿੱਤੀਆਂ ਜਾਣਗੀਆਂ। ਨਵੀਂ ਪੁਲਸ ਵਰਦੀ ਦੇਣ ਦੀ ਲਾਗਤ ਵਿੱਚ ਪਿਛਲੀ ਸਰਕਾਰ ਦੇ ਮੁਕਾਬਲੇ 75 ਫੀਸਦੀ ਕਮੀ ਆਈ ਹੈ। ਇਸ ਦੌਰਾਨ ਤਾਲਿਬਾਨ ਸਰਕਾਰ ਨੇ ਮੰਨੇ-ਪ੍ਰਮੰਨੇ ਫੈਸ਼ਨ ਮਾਡਲ ਅਜਮਲ ਹਕੀਕੀ ਨੂੰ ਇਸਲਾਮ ਅਤੇ ਕੁਰਾਨ ਦਾ ਅਪਮਾਨ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਉਹ ਇੱਕ ਵਾਇਰਲ ਵੀਡੀਓ ਵਿੱਚ ਤਿੰਨ ਦੋਸਤਾਂ ਨਾਲ ਕੁਰਾਨ ਦੀ ਆਇਤਾਂ ਪੜ੍ਹਦੇ ਸਮੇਂ ਹੱਸਦਾ ਨਜ਼ਰ ਆ ਰਿਹਾ ਹੈ।

### ਅਮਰੀਕੀ ਜਨਰਲ ਦਾ ਬਿਆਨ ਅੱਗ ਨੂੰ ਹਵਾ ਦੇਣ ਵਾਲਾ: ਚੀਨ

ਪੇਈਚਿੰਗ, 12 ਜੂਨ (ਪੋਸਟ ਬਿਊਰੋ)- ਚੀਨ ਨੇ ਪੂਰਬੀ ਲੱਦਾਖ ਵਿੱਚ ਬੁਨਿਆਦੀ ਢਾਂਚੇ ਦੀ ਉਸਾਰੀ ਨੂੰ ਲੈ ਕੇ ਅਮਰੀਕੀ ਫੌਜ ਦੇ ਸਿਖਰਲੇ ਜਰਨੈਲ ਵੱਲੋਂ ਕੀਤੀਆਂ ਟਿੱਪਣੀਆਂ ਨੂੰ 'ਘ੍ਰਿਣਾਯੋਗ ਕਾਰਵਾਈ' ਕਰਾਰ ਦਿੱਤਾ ਹੈ।

ਇਸ ਬਾਰੇ ਚੀਨ ਨੇ ਕੁਝ ਅਮਰੀਕੀ ਅਧਿਕਾਰੀਆਂ ਵੱਲੋਂ 'ਅੱਗ ਵਿੱਚ ਘਿਓ ਪਾਉਣ' ਦੇਯਤਨਾਂ ਦੀ ਨੁਕਤਾਚੀਨੀ ਕੀਤੀ ਅਤੇ ਜ਼ੋਰ ਦੇ ਕੇ ਆਖਿਆ ਕਿ ਚੀਨ ਤੇ ਭਾਰਤ ਆਪਣੇ ਮੱਤਭੇਦਾਂ ਨੂੰ ਗੱਲਬਾਤ ਜ਼ਰੀਏ ਸੁਲਝਾਉਣ ਦੇ ਸਮਰੱਥ ਤੇ ਇੱਛਾ ਸ਼ਕਤੀ ਰੱਖਦੇ ਹਨ। ਚੀਨੀ ਵਿਦੇਸ਼ ਮੰਤਰਾਲੇ ਦਾਬੁਲਾਰਾ ਇੱਥੇ ਪੱਤਰਕਾਰਾਂ ਵੱਲੋਂ ਪੁੱਛੇ ਸਵਾਲਾਂ ਦਾ ਜਵਾਬ ਦੇ ਰਿਹਾ ਸੀ। ਵਰਨਣ ਯੋਗ ਹੈ ਕਿ ਭਾਰਤ ਦੌਰੇ ਉੱਤੇ ਆਏ ਅਮਰੀਕੀ ਫੌਜ ਦੀ ਪੈਸੇਫਿਕ ਕਮਾਂਡ ਦੇ ਜਨਰਲ ਚਾਰਲਸ ਏ ਫਿਨ ਨੇ ਪੂਰਬੀ ਲੱਦਾਖ ਵਿੱਚ ਚੀਨ ਵੱਲੋਂ ਕੀਤੀ ਗਈ ਬੁਨਿਆਦੀ ਢਾਂਚੇ ਦੀ ਉਸਾਰੀ ਦੇ ਹਵਾਲੇ ਨਾਲ ਹਾਲਾਤ ਨੂੰ ਚਿੰਤਾਜਨਕ ਦੱਸਿਆ ਸੀ। ਬੁਲਾਰੇ ਨੇ ਕਿਹਾ, ''ਕੁਝ ਅਮਰੀਕੀ ਅਧਿਕਾਰੀ ਅੱਗ ਨੂੰ ਹਵਾ ਦੇਣ ਅਤੇ ਉਂਗਲਾਂ ਚੁੱਕਣ ਦਾ ਕੰਮ ਕਰਦੇ ਹਨ। ਇਹ ਘ੍ਰਿਣਾਯੋਗ ਕਾਰਵਾਈ ਹੈ। ਅਸੀਂ ਆਸ ਕਰਦੇ ਹਾਂ ਕਿ ਉਹ ਖੇਤਰੀ ਅਮਨ ਤੇ ਸਥਿਰਤਾ ਲਈ ਵਧੇਰੇ ਯੋਗਦਾਨ ਪਾਉਣਗੇ।'' ਬੁਲਾਰੇ ਨੇ ਆਖਿਆ ਕਿ ਪੂਰਬੀ ਲੱਦਾਖ, ਜਿੱਥੇ ਪਿਛਲੇ ਦੋ ਸਾਲਾਂ ਤੋਂ ਦੋਵਾਂ ਮੁਲਕਾਂ ਵਿਚਾਲੇ ਫੌਜੀ ਟਕਰਾਅ ਚੱਲ ਰਿਹਾ ਸੀ, ਵਿੱਚ ਹਾਲਾਤ ਸਥਿਰ ਹੋਣ ਲੱਗੇ ਹਨ। ਕੁੱਲ ਮਿਲਾ ਕੇ ਹਾਲਾਤ ਸਥਿਰ ਹੋ ਰਹੇ ਹਨ ਤੇ ਦੋਵਾਂ ਦੇਸ਼ਾਂ ਦੀਆਂ ਮੂਹਰਲੀਆਂ ਸਫਾਂ ਦੀਆਂ ਫੌਜਾਂ ਟਕਰਾਅ ਵਾਲੇ ਬਹੁਤੇ ਖੇਤਰਾਂ ਵਿੱਚੋਂ ਪਿੱਛੇ ਹਟ ਗਈਆਂ ਹਨ।

## ਰਾਜ ਸਭਾ ਵਿੱਚ ਭਾਜਪਾ ਦੇ ਮੈਂਬਰਾਂ ਦੀ ਗਿਣਤੀ 95 ਤੋਂ ਘੱਟ ਕੇ 92 ਹੋਈ

### * ਦੋ ਸੀਟਾਂ ਦੇ ਫਾਇਦੇ ਨਾਲ ਕਾਂਗਰਸ 31 ਉੱਤੇ ਪੁੱਜੀ * ਆਪ ਪਾਰਟੀ ਦੇ ਮੈਂਬਰਾਂ ਦੀ ਗਿਣਤੀ 10 ਹੋ ਗਈ



ਨਵੀਂ ਦਿੱਲੀ, 12 ਜੂਨ (ਪੋਸਟ ਬਿਊਰੋ)- ਭਾਰਤੀ ਪਾਰਲੀਮੈਂਟ ਦੇ ਉੱਪਰਲੇ ਹਾਊਸ ਰਾਜ ਸਭਾ ਚੋਣਾਂ ਦੇ ਚੋਣ ਨਤੀਜੇ ਪਿੱਛੋਂ ਇਸ ਸਦਨ ਵਿੱਚ ਸੱਤਾਧਾਰੀ ਪਾਰਟੀ ਭਾਜਪਾ ਦੇ ਮੈਂਬਰਾਂ ਦੀ ਗਿਣਤੀ 95 ਤੋਂ ਘੱਟ ਕੇ 92 ਰਹਿ ਗਈ ਹੈ, ਜਦ ਕਿ ਕਾਂਗਰਸ ਦੇ ਮੈਂਬਰਾਂ ਦੀ ਗਿਣਤੀ 29 ਤੋਂ ਵਧ ਕੇ 31 ਹੋ ਗਈ ਹੈ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਹੋਈਆਂ ਚੋਣਾਂ ਦੌਰਾਨ ਭਾਜਪਾ ਨੇ 57 ਵਿੱਚੋਂ 22 ਸੀਟਾਂ ਅਤੇ ਕਾਂਗਰਸ ਨੇ ਨੌਂ ਸੀਟਾਂ ਜਿੱਤੀਆਂ ਹਨ। ਸੇਵਾਮੁਕਤ ਹੋ ਰਹੇ 57 ਰਾਜ ਸਭਾ ਮੈਂਬਰਾਂ ਵਿੱਚੋਂ ਭਾਜਪਾ ਦੇ 25 ਅਤੇ ਕਾਂਗਰਸ ਦੇ ਸੱਤ ਮੈਂਬਰ ਸਨ। ਹੋਰਨਾਂ ਖੇਤਰੀ ਪਾਰਟੀਆਂ ਵਿੱਚੋਂ ਆਂਧਰਾ ਪ੍ਰਦੇਸ਼ ਵਿੱਚ ਸੱਤਾਧਾਰੀ ਪਾਰਟੀ ਵਾਈ ਐਸ ਆਰ-ਕਾਂਗਰਸ ਦੇ ਮੈਂਬਰਾਂ ਦੀ ਰਾਜ ਸਭਾ ਵਿੱਚ ਗਿਣਤੀ ਛੇ ਤੋਂ ਵੱਧ ਕੇ ਨੌਂ ਹੋ ਗਈ ਹੈ। ਦਿੱਲੀ ਤੇ ਪੰਜਾਬ ਵਿੱਚ ਸੱਤਾ ਉੱਤੇ ਕਾਬਜ਼ ਆਮ ਆਦਮੀ ਪਾਰਟੀ ਦੇ ਮੈਂਬਰਾਂ ਦੀ ਗਿਣਤੀ ਰਾਜ ਸਭਾ ਵਿੱਚ 10 ਹੋ ਗਈ ਹੈ। ਹੋਰ ਖੇਤਰੀ ਦਲਾਂ, ਜਿਵੇਂ ਡੀ ਐਮ ਕੇ, ਬੀਜੂ ਜਨਤਾ ਦਲ, ਟੀ ਆਰ ਐਸ, ਜਨਤਾ ਦਲ (ਯੂ), ਐਨ ਸੀ ਪੀ ਅਤੇ ਸ਼ਿਵ ਸੈਨਾ ਦੇ ਪਹਿਲਾਂ ਜਿੰਨੇ ਹੀ ਮੈਂਬਰ ਰਹਿਣਗੇ। ਰਾਜ ਸਭਾ ਵਿੱਚ ਡੀ ਐਮ ਕੇ ਪਾਰਟੀ ਦੇ 10, ਬੀਜੂ ਜਨਤਾ ਦਲ ਦੇ 9, ਟੀ ਆਰ ਐਸ ਦੇ ਸੱਤ, ਜਨਤਾ ਦਲ (ਯੂ) ਦੇ ਪੰਜ, ਐਨ ਸੀ ਪੀ ਦੇ ਚਾਰ ਅਤੇ ਸ਼ਿਵ ਸੈਨਾ ਦੇ ਤਿੰਨ ਮੈਂਬਰ ਹਨ। ਤ੍ਰਿਣਮੂਲ ਕਾਂਗਰਸ ਦੇ 13 ਮੈਂਬਰ ਅਤੇ ਸੀ ਪੀ ਆਈ-ਐਮ ਦੇ ਪੰਜ ਮੈਂਬਰਾਂ ਦੀ ਗਿਣਤੀ ਪਹਿਲਾਂ ਵਾਲੀ ਰਹੇਗੀ।ਅੰਨਾ ਡੀ ਐਮ ਕੇ ਮੈਂਬਰਾਂ ਦੀ ਗਿਣਤੀ ਪੰਜ ਤੋਂ ਘਟ ਕੇ ਚਾਰ ਅਤੇ ਸਮਾਜਵਾਦੀ ਪਾਰਟੀ ਦੀ ਗਿਣਤੀ ਪੰਜ ਤੋਂ ਘੱਟ ਕੇ ਤਿੰਨ ਹੋ ਗਈ ਹੈ। ਬਸਪਾ ਦਾ ਓਥੇ ਕੇਵਲ ਇੱਕ ਮੈਂਬਰ ਰਹਿ ਗਿਆ ਹੈ,ਪਹਿਲਾਂ ਤਿੰਨ ਮੈਂਬਰ ਸਨ। ਅਕਾਲੀ ਦਲ ਦੇ ਰਾਜ ਸਭਾ ਵਿੱਚ ਦੋ ਮੈਂਬਰ ਸਨ, ਉਨ੍ਹਾਂ ਦਾ ਕੋਈ ਮੈਂਬਰ ਨਹੀਂ ਰਿਹਾ।

## ਨਿਊ ਮੈਕਸੀਕੋ ਵਿੱਚ ਬਰਫ-ਯੁੱਗ ਦੇ ਮਨੁੱਖੀ ਪੈਰਾਂ ਦੇ ਨਿਸ਼ਾਨ ਮਿਲੇ



ਵਾਸ਼ਿੰਗਟਨ, 12 ਜੂਨ (ਪੋਸਟ ਬਿਊਰੋ)- ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਇੱਕ ਸਮਾਂ ਅਜਿਹਾ ਸੀ, ਜਦੋਂ ਧਰਤੀ ਬਹੁਤ ਠੰਢੀ ਹੁੰਦੀ ਸੀ। ਉਸ ਸਮੇਂ ਧਰਤੀ ਦੀ ਸਤ੍ਹਾ ਉੱਤੇ ਬਰਫ ਦੀ ਮਾਤਰਾ ਇੰਨੀ ਵੱਧ ਹੁੰਦੀ ਸੀ ਕਿ ਵਿਗਿਆਨੀਆਂ ਨੇ ਉਸ ਨੂੰ ਬਰਫ-ਯੁੱਗ ਦਾ ਨਾਂਅ ਦੇ ਦਿੱਤਾ ਹੋਇਆ ਹੈ।ਉਸ ਯੁੱਗ ਦੌਰਾਨ ਜ਼ਿਆਦਾ ਠੰਢੀਆਂ ਥਾਵਾਂ ਭਾਵ ਭੂ-ਮੱਧ ਰੇਖਾ ਦੇ ਨੇੜੇ ਤੇੜੇ ਦੇ ਇਲਾਕਿਆਂ ਨੂੰ ਛੱਡ ਕੇ ਬਾਕੀ ਥਾਈਂ ਇਨਸਾਨਾਂ ਦਾ ਰਹਿਣਾ ਸੰਭਵ ਨਹੀਂ ਸੀ, ਪਰ ਅਮਰੀਕਾ ਦੇ ਨਿਊ ਮੈਕਸੀਕੋ ਸੂਬੇ ਵਿਚਲੇ ਵ੍ਹਾਈਟ ਸੈਂਡਸ ਨੈਸ਼ਨਲ ਪਾਰਕ ਵਿੱਚ ਪਾਏ ਗਏ ਪ੍ਰਾਚੀਨ ਮਨੁੱਖੀ ਪੈਰਾਂ ਦੇ ਨਿਸ਼ਾਨ ਕੁਝ ਹੋਰ ਕਹਾਣੀ ਦੱਸਰਹੇ ਹਨ। ਇਨ੍ਹਾਂ ਪੈਰਾਂ ਤੋਂ ਪਤਾ ਲੱਗਾ ਹੈ ਕਿ ਬਰਫ-ਯੁੱਗ ਦੌਰਾਨ ਜੀਵਨ ਕਿਹੋ ਜਿਹਾ ਸੀ। ਇਹ ਪੈਰਾਂ ਦੇ ਨਿਸ਼ਾਨ ਮਨੁੱਖ ਦੇ ਉਤਰੀ ਅਮਰੀਕਾ ਵਿੱਚ ਆਉਣ ਬਾਰੇ ਨਵੇਂ ਸਬੂਤ ਵੀ ਦਿੰਦੇ ਹਨ।

ਬਰਫ-ਯੁੱਗ ਦੇ ਮਨੁੱਖਾਂ ਤੇ ਜਾਨਵਰਾਂ ਦੇ ਛੱਡੇ ਗਏ ਹਜ਼ਾਰਾਂ ਪ੍ਰਾਚੀਨ ਪੈਰਾਂ ਦੇ ਨਿਸ਼ਾਨ ਨਿਊ ਮੈਕਸੀਕੋ ਦੇ ਵ੍ਹਾਈਟ ਸੈਂਡਸ ਨੈਸ਼ਨਲ ਪਾਰਕ ਦੀ ਚਮਕ ਵਾਲੀਆਂ ਚਿੱਟੀਆਂ ਸਤ੍ਹਾ ਉੱਤੇ ਮੀਲਾਂ ਤਕ ਫੈਲੇ ਹੋਏ ਹਨ। ਇਹ ਨਿਸ਼ਾਨ ਅਮਰੀਕਾ ਵਿੱਚ ਜੀਵਨ ਦਾ ਸਬੂਤ ਤਾਂ ਦਿੰਦੇ ਹਨ, ਨਾਲ ਇਹ ਗਵਾਹੀ ਦਿੰਦੇ ਹਨ ਕਿ ਜਦੋਂ ਮਨੁੱਖ ਖਤਮ ਹੋ ਚੁੱਕੇ ਬਰਫ-ਯੁੱਗ ਦੇ ਜਾਨਵਰਾਂ ਨਾਲ ਇੱਥੋਂ ਲੰਘੇ ਤਾਂ ਇਨ੍ਹਾਂ ਵਿੱਚ ਵੱਡੇ ਜ਼ਮੀਨੀ ਸਲਾਬ ਅਤੇ ਮੈਮਥ ਸ਼ਾਮਲ ਹਨ, ਜੋ ਅੱਜ ਗਾਇਬ ਹਨ।

## ਬੋਲੀਵੀਆ ਦੀ ਸਾਬਕਾ ਰਾਸ਼ਟਰਪਤੀ ਨੂੰ 10 ਸਾਲ ਜੇਲ੍ਹ ਦੀ ਸਜ਼ਾ




ਲਾਪਾਜ਼, 12 ਜੂਨ (ਪੋਸਟ ਬਿਊਰੋ)- ਬੋਲੀਵੀਆ ਦੀ ਸਾਬਕਾ ਅੰਤ੍ਰਿਮ ਰਾਸ਼ਟਰਪਤੀ ਜੀਨਿਨ ਅਨੀਜ਼ ਨੂੰ 10 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਉਸ ਉੱਤੇ ਦੋਸ਼ ਸੀ ਕਿ ਬੋਲੀਵੀਆ ਵਿੱਚ 2019 ਵਿੱਚ ਹਿੰਸਕ ਵਿਰੋਧ ਪ੍ਰਦਰਸ਼ਨ ਪਿੱਛੋਂ ਰਾਸ਼ਟਰਪਤੀ ਈਵੋ ਮੋਰਾਲੇਸ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਦੇਸ਼ ਛੱਡ ਕੇ ਭੱਜ ਗਿਆ ਸੀ, ਜਿਸ ਤੋਂ ਬਾਅਦ ਜੀਨਿਨ ਮੌਕੇ ਦਾ ਲਾਭ ਉਠਾ ਕੇ ਖੁਦ ਅੰਤ੍ਰਿਮ ਰਾਸ਼ਟਰਪਤੀ ਬਣ ਗਈ ਸੀ।

ਅਦਾਲਤ ਨੇ ਬੀਤੇ ਸ਼ੁੱਕਰਵਾਰ ਨੂੰ ਜੀਨਿਨ ਅਨੀਜ਼ ਨੂੰ ਡਿਊਟੀ ਨਾ ਨਿਭਾਉਣ ਤੇ ਸੰਵਿਧਾਨ ਵਿਰੁੱਧ ਕੰਮ ਕਰਨ ਦਾ ਦੋਸ਼ੀ ਠਹਿਰਾਇਆ ਹੈ। ਜੀਨਿਨ ਵੱਲੋਂ ਖੁਦ ਨੂੰ ਰਾਸ਼ਟਰਪਤੀ ਐਲਾਨ ਕਰਨ ਦੀ ਘਟਨਾ ਨੂੰ ਮੋਰਾਲੇਸ ਤੇ ਉਨ੍ਹਾਂ ਦੀ ਪਾਰਟੀ ਨੇ ਤਖਤਾਪਲਟ ਕਰਾਰ ਦਿੱਤਾ ਸੀ, ਪਰ ਜੀਨਿਨ ਅਨੀਜ਼ ਦੇ ਸਮਰਥਕਾਂ ਨੇ ਇਸ ਤੋਂ ਇਨਕਾਰ ਕੀਤਾ ਕਿ ਇਹ ਤਖਤਾਪਲਟ ਸੀ।ਸਮਰਥਕਾਂ ਦਾ ਕਹਿਣਾ ਹੈ ਕਿ ਮੋਰਾਲੇਸ ਵੱਲੋਂ ਸੱਤਾ ਦੀ ਦੁਰਵਰਤੋਂ ਕਾਰਨ ਸੜਕਾਂ ਉੱਤੇ ਵਿਰੋਧ ਪ੍ਰਦਰਸ਼ਨ ਹੋਏ ਸਨ। ਉਨ੍ਹਾਂ ਦਾਅਵਾ ਕੀਤਾ ਕਿ ਬੋਲੀਵੀਆ ਦੇ ਪਹਿਲੇ ਦੇਸ਼ੀ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਨੂੰ ਸੱਤਾ ਤੋਂ ਬੇਦਖਲ ਕਰਨ ਨਾਲ ਅਹੁਦਾ ਖਾਲੀ ਹੋ ਗਿਆ, ਜਿਸ ਨੇ ਅਨੀਜ਼ ਨੂੰ ਅੰਤ੍ਰਿਮ ਰਾਸ਼ਟਰਪਤੀ ਬਣਨ ਦੀ ਖੁੱਲ੍ਹ ਦਿੱਤੀ। ਬਚਾਅ ਪੱਖ ਨੇ ਕਿਹਾ ਕਿ ਅਨੀਜ਼ ਇਸ ਫੈਸਲੇ ਵਿਰੁੱਧ ਅਪੀਲ ਕਰੇਗੀ। ਜੇਲ੍ਹ ਵਿੱਚ ਬੰਦ ਅਨੀਜ਼ ਨੇ ਕਿਹਾ, ''ਮੈਂ ਰਾਸ਼ਟਰਪਤੀ ਬਣਨ ਲਈ ਉਂਗਲੀ ਨਹੀਂ ਚੁੱਕੀ, ਪਰ ਮੈਂ ਉਹ ਕੀਤਾ, ਜੋ ਮੈਨੂੰ ਦੇਸ਼ ਨੂੰ ਸ਼ਾਂਤ ਕਰਨ ਲਈ ਕਰਨਾ ਚਾਹੀਦਾ ਸੀ, ਜਿਸ ਨੂੰ ਮੋਰਾਲੇਸ ਛੱਡ ਕੇ ਭਜ ਗਏ ਸਨ।''

# ਚੀਨ ਨੇ ਚੰਦ ਦਾ ਸਭ ਤੋਂ ਵਿਸਥਾਰਤ ਨਕਸ਼ਾ ਬਣਾ ਲਿਆ

ਬੀਜਿੰਗ, 12 ਜੂਨ (ਪੋਸਟ ਬਿਊਰੋ)- ਅਸੀਂ ਧਰਤੀ ਦਾ ਨਕਸ਼ਾ ਬਹੁਤ ਵਾਰੀ ਦੇਖਿਆ ਹੈ, ਪਰ ਕਦੇ ਚੰਦ ਦਾ ਨਕਸ਼ਾ ਪੂਰਾ ਦੇਖਿਆ। ਚੀਨ ਦੀ ਸਪੇਸ ਏਜੰਸੀ ਨੇ ਚੰਦ ਦਾ ਸਭ ਤੋਂ ਵਿਸਥਾਰਤ ਨਕਸ਼ਾ ਬਣਾਇਆ ਹੈ। ਇਸ ਨਕਸ਼ੇ ਵਿੱਚ ਚੰਦ ਦੇ ਸਾਰੇ ਕ੍ਰੇਟਰਸ ਅਤੇ ਸ਼ਕਲਾਂ ਨੂੰ ਸ਼ਾਮਲ ਕੀਤਾ ਗਿਆ ਹੈ, ਉਹ ਵੀ ਉਨ੍ਹਾਂ ਦੀ ਸਹੀ ਲੋਕੇਸ਼ਨ ਦੇ ਨਾਲ। ਇਸ ਨਕਸ਼ੇ ਦੀ ਮਦਦ ਨਾਲ ਵਿਗਿਆਨੀ ਭਵਿੱਖ ਵਿੱਚ ਚੰਦਦਾ ਚੰਗਾ ਅਧਿਅਨ ਕਰ ਸਕਣਗੇ। ਇਸ ਨਾਲ ਚੰਦਉੱਤੇ ਜਾਣ ਵਾਲੇ ਪੁਲਾੜ ਯਾਤਰੀਆਂ, ਰੋਵਰਸ ਅਤੇ ਲੈਂਡਰਸ ਨੂੰ ਗੁਆਂਢੀ ਉਪਗ੍ਰਹਿ ਦੇ ਧਰਾਤਲ ਉੱਤੇ ਉਤਾਰਨ ਵਿੱਚ ਮਦਦ ਮਿਲੇਗੀ।



ਇਸ ਤੋਂ ਪਹਿਲਾਂ ਅਮਰੀਕਾ ਦੇ ਭੂ-ਵਿਗਿਆਨ ਸਰਵੇਖਣ ਦੇ ਐਸਟ੍ਰੋਜੀਉਲੋਜੀ ਸਾਇੰਸ ਸੈਂਟਰ ਨੇ ਸਾਲ 2020 ਵਿੱਚ ਚੰਨ ਦਾ ਨਕਸ਼ਾ ਬਣਾਇਆ ਸੀ। ਓਦੋਂ ਉਸ ਨਕਸ਼ੇ ਨੂੰ ਸਭ ਤੋਂ ਡਿਟੇਲਡ ਮੈਪ ਮੰਨਿਆ ਗਿਆ ਸੀ। ਇਸ ਕੰਮ ਵਿੱਚ ਅਮਰੀਕੀ ਸਪੇਸ ਏਜੰਸੀ ਨਾਸਾ ਤੇ ਲੂਨਰ ਪਲੈਨੇਟਰੀ ਇੰਸਟੀਚਿਊਟ ਦੇ ਵਿਗਿਆਨੀਆਂ ਨੇ ਮਦਦ ਕੀਤੀ ਸੀ। ਵਿਗਿਆਨ ਕੇਂਦਰ ਨੇ ਇਸ ਨੂੰ 1.5000000 ਦੇ ਸਕੇਲ ਵਜੋਂ ਦਰਸਾਇਆ ਸੀ। ਚੀਨ ਨੇ ਚੰਦ ਦਾ ਜਿਹੜਾ ਨਕਸ਼ਾ ਤਿਆਰ ਕੀਤਾ ਹੈ ਉਸ ਦਾ ਸਕੇਲ 1.2500000 ਹੈ, ਮਤਲਬ ਅਮਰੀਕਾ ਦੇ ਚੰਦ ਦੇ ਨਕਸ਼ੇ ਨਾਲੋਂ ਦੁਗਣਾ ਬਿਹਤਰ।

ਮਿਲੀ ਜਾਣਕਾਰੀ ਅਨੁਸਾਰ ਚੀਨ ਦੇ ਨਕਸ਼ੇ ਵਿੱਚ 12.341 ਇੰਪੈਕਟ ਕ੍ਰੇਟਰਸ, ਭਾਵ ਉਹ ਟੋਏ ਜੋ ਐਸਟਰੋਇਡ ਜਾਂ ਉਲਕਾ ਪਿੰਡਾਂ ਦੀ ਟੱਕਰ ਨਾਲ ਬਣੇ ਹਨ, 81 ਇੰਪੈਕਟ ਬੇਸਿਨ, 17 ਤਰ੍ਹਾਂ ਦੇ ਪੱਥਰਾਂ ਤੇ 14 ਤਰ੍ਹਾਂ ਦੀਆਂ ਬਣਾਵਟਾਂ ਨੂੰ ਦਿਖਾਇਆ ਗਿਆ ਹੈ। ਇਸ ਤੋਂ ਇਲਾਵਾ ਕਾਫ਼ੀ ਵੱਡੀ ਮਾਤਰਾ ਵਿੱਚ ਭੂਗੋਲਿਕ ਵੇਰਵਾ ਦਿੱਤਾ ਗਿਆ ਹੈ, ਜੋ ਦੱਸਦਾ ਹੈ ਕਿ ਚੰਦ ਦੀ ਸ਼ੁਰੂਆਤ ਕਿਵੇਂ ਹੋਈ। ਚੀਨ ਦੀ ਸਪੇਸ ਏਜੰਸੀ ਨਾਲ ਕਈ ਹੋਰ ਵਿਗਿਆਨਕ ਸੰਸਥਾਵਾਂ ਨੇ ਮਿਲ ਕੇ ਇਸ ਹਾਈ ਰੈਜ਼ੋਲੂਸ਼ਨ ਟੋਪੋਗ੍ਰਾਫ਼ਿਕ ਨਕਸ਼ੇ ਨੂੰ ਤਿਆਰ ਕੀਤਾ ਹੈ। ਇਹ ਨਕਸ਼ਾ ਚੀਨ ਦੇ ਚਾਂਗਈ ਪ੍ਰਾਜੈਕਟ ਸਮੇਤ ਕਈ ਹੋਰ ਅੰਤਰਰਾਸ਼ਟਰੀ ਸੰਸਥਾਵਾਂ ਲਈ ਡਾਟਾ ਨੂੰ ਮਿਲਾ ਕੇ ਬਣਾਇਆ ਗਿਆ ਹੈ। ਇਸ ਨਕਸ਼ੇ ਨੂੰ ਚਾਈਨੀਜ਼ ਅਕੈਡਮੀ ਆਫ਼ ਸਾਇੰਸਜ਼ ਦੇ ਇੰਸਟੀਚਿਊਟ ਆਫ਼ ਜਿਊਕੈਮਿਸ੍ਰਟੀ ਨੇ ਬਣਾਇਆ ਹੈ।

# ਪੇਰੂ ਵਿੱਚ ਖਣਿਜ ਮਜ਼ਦੂਰਾਂ ਵਿਚਕਾਰ ਝੜਪ ਕਾਰਨ 14 ਮੌਤਾਂ

ਲੀਮਾ, 12 ਜੂਨ (ਪੋਸਟ ਬਿਊਰੋ)- ਦੱਖਣੀ ਪੇਰੂ ਦੇ ਅਰੇਕਿਪਾ ਵਿਭਾਗ ਵਿੱਚ ਸੋਨੇ ਦੀ ਖਾਣ ਵਿੱਚ ਕੰਮ ਕਰਦੇ ਮਜ਼ਦੂਰਾਂ ਵਿਚਾਲੇ ਹੋਈ ਝੜਪ ਵਿੱਚ ਘੱਟੋ-ਘੱਟ 14 ਲੋਕਾਂ ਦੀ ਮੌਤ ਹੋ ਗਈ ਹੈ।



ਇਸ ਬਾਰੇ ਅਰੇਪਿਕਾ ਦੇ ਸਰਕਾਰੀ ਵਕੀਲ ਨੇ ਦੱਸਿਆ ਕਿ ਦੋ ਦਿਨ ਵਿੱਚ ਸੱਤ-ਸੱਤ ਲਾਸ਼ਾਂ ਮਿਲੀਆਂ ਹਨ। ਇਨ੍ਹਾਂ ਉੱਤੇ ਗੋਲੀਆਂ ਦੇ ਨਿਸ਼ਾਨ ਹਨ। ਉਨ੍ਹਾਂ ਕਿਹਾ ਕਿ ਕੁਝ ਹੋਰ ਲਾਸ਼ਾਂ ਮਿਲ ਸਕਦੀਆਂ ਹਨ, ਕਿਉਂਕਿ ਕਈ ਲੋਕ ਅਜੇ ਲਾਪਤਾ ਹਨ।ਸਥਾਨਕ ਅਖ਼ਬਾਰ ਅਨੁਸਾਰ 2 ਜੂਨ ਨੂੰ ਕਾਰਵੇਲੀ ਸੂਬੇ ਦੇ ਅਟਿਕੋ ਜ਼ਿਲ੍ਹੇ ਦੇ ਹੁਆਨਾਕਿਟਾ ਨਾਮਕ ਇੱਕ ਵਿਵਾਦਿਤ ਖੇਤਰ ਵਿੱਚ ਹਿੰਸਾ ਭੜਕ ਗਈ। ਲੋਜ਼ਾਦਾ ਨੇ ਦੱਸਿਆ ਕਿ ਇਸ ਘਟਨਾ ਦੇ ਲਈ 31 ਲੋਕ ਗ੍ਰਿਫ਼ਤਾਰ ਕੀਤੇ ਗਏ ਹਨ ਤੇ ਇਨ੍ਹਾਂ ਕੋਲੋਂ ਬਰਾਮਦ ਬੰਦੂਕਾਂ ਅਤੇ ਹਥਿਆਰਾਂ ਆਦਿ ਦੀ ਜਾਂਚ ਕਰਾਈ ਜਾ ਰਹੀ ਹੈ ਤਾਂ ਜੋ ਪਤਾ ਲਾਇਆ ਜਾ ਸਕੇ ਕਿ ਇਸ ਘਟਨਾ ਵਿੱਚ ਇਨ੍ਹਾਂ ਦੀ ਵਰਤੋਂ ਕੀਤੀ ਗਈ ਸੀ ਜਾਂ ਨਹੀਂ।ਇਸ ਦੇ ਨਾਲ ਸਰਕਾਰ ਧਿਰ ਉਥੋਂ ਇਕੱਠੇ ਕੀਤੇ ਵੀਡੀਓ ਅਤੇ ਆਡੀਉ ਦੀ ਵੀ ਜਾਂਚ ਕਰ ਰਹੀ ਹੈ ਤਾਂ ਜੋ ਘਟਨਾ ਲਈ ਜ਼ਿੰਮੇਵਾਰ ਲੋਕਾਂ ਦੀ ਪਛਾਣ ਕੀਤੀ ਜਾ ਸਕੇ। ਅਰੇਕਿਪਾ ਦੇ ਪੁਲਸ ਅਧਿਕਾਰੀ ਨੇ ਕਿਹਾ ਕਿ ਸਥਾਨਕ ਲੋਕਾਂ ਨੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕਰਦੇ ਹੋਏ ਸਾਊਥਪੈਨ ਅਮਰੀਕਾ ਹਾਈਵੇਅ ਨੂੰ ਜਾਮ ਕਰ ਦਿੱਤਾ, ਜਿਸ ਨਾਲ ਇਸ ਰੂਟ ਦੀ ਆਵਾਜਾਈ ਬੰਦ ਕਰਨੀ ਪਈ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769




STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5’’8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11’’ ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9’’ ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## Change of Name

**I, Kartik, son of Ramesh Kumar**, holder of Indian Passport No. K7301321, issued at Delhi, on 18/10/2012, permanent resident of Plot No. 4G Fourth Floor Birch Street Malibu Town, Sohna Road, Sector-47 Gurugram, Haryana, 122018, and presently residing at 19 Farthingale Crescent Brampton, ON L7A 1R3, do hereby change my name from **Kartik to Kartik Patpatia** with immediate effect." **Kartik Patpatia** Call: (705) 868-2818

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **‘PR’** ਲਈ ਮੱਦਦ ਕੀਤੀ ਜਾਵੇਗੀ। Location ‘Winnipeg, MB’ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ




# ਕਰਾਚੀ ਦੇ ਹਿੰਦੂ ਮੰਦਰ ਵਿੱਚ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਤੋੜ ਦਿੱਤੀਆਂ ਗਈਆਂ

ਕਰਾਚੀ, 12 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਕਰਾਚੀ ਸ਼ਹਿਰ ਵਿਚ ਇੱਕ ਹਿੰਦੂ ਮੰਦਰ ਵਿੱਚ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੀ ਭੰਨਤੋੜ ਕੀਤੀ ਗਈ ਹੈ। ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰੇ ਦੀਆਂ ਧਾਰਮਿਕ ਥਾਵਾਂ ਵਿੱਚ ਭੰਨਤੋੜ ਦਾ ਇਹ ਤਾਜ਼ਾ ਮਾਮਲਾ ਹੈ।ਪੁਲਸ ਨੇ ਦੱਸਿਆ ਕਿ ਕਰਾਚੀ ਦੇ ਕੋਰੰਗੀ ਖੇਤਰ ਵਿੱਚ ਸ੍ਰੀ ਮਾਰੀ ਮਾਤਾ ਮੰਦਰ ਵਿੱਚ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੀ ਭੰਨਤੋੜ ਕੀਤੀ ਗਈ।



ਇਹ ਮੰਦਰ ਕੋਰੰਗੀ ਥਾਣਾ ਖੇਤਰ ਅਧੀਨ 'ਜੇ' ਖੇਤਰ ਵਿੱਚ ਹੈ। ਇਲਾਕੇ ਦੇ ਰਹਿਣ ਵਾਲੇ ਇੱਕ ਹਿੰਦੂ ਸੰਜੀਵ ਨੇ ਦੱਸਿਆ ਕਿ ਮੋਟਰਸਾਈਕਲ ਉੱਤੇ ਸਵਾਰ ਅੱਠ ਵਿਅਕਤੀ ਆਏ ਤੇ ਮੰਦਰ ਉੱਤੇ ਹਮਲਾ ਕਰ ਦਿੱਤਾ। ਸਾਨੂੰ ਨਹੀਂ ਪਤਾ ਕਿ ਹਮਲਾ ਕਿਉਂ ਕੀਤਾ ਗਿਆ? ਕੋਰੰਗੀ ਦੇ ਐਸ ਐਚ ਓ ਨੇ ਦੱਸਿਆ ਕਿ 5-6 ਅਣਪਛਾਤੇ ਸ਼ੱਕੀ ਮੰਦਰ ਵਿੱਚ ਦਾਖਲ ਹੋਏ ਅਤੇ ਭੰਨਤੋੜ ਕਰਨ ਪਿੱਛੋਂ ਫਰਾਰ ਹੋ ਗਏ। ਹਮਲਾ ਕਰਨ ਵਾਲੇ ਅਣਪਛਾਤੇ ਲੋਕਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਇਸ ਘਟਨਾ ਨਾਲ ਕਰਾਚੀ ਦੇ ਹਿੰਦੂ ਭਾਈਚਾਰੇ ਵਿੱਚ ਦਹਿਸ਼ਤ ਦਾ ਮਾਹੌਲ ਹੈ, ਖਾਸ ਕਰ ਕੇ ਕੋਰੰਗੀ ਇਲਾਕੇ ਵਿੱਚ ਜਿੱਥੇ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਪੁਲਸ ਤਾਇਨਾਤ ਕੀਤੀ ਗਈ ਹੈ।

